ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV

ਅੰਦਰਲੀ ਖ਼ਬਰ
ਪੰਜਾਬ 'ਚ ਵਿਦੇਸ਼ੀ ਨਿਵੇਸ਼ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ 8 ਦੇਸ਼ਾਂ ਦੇ ਰਾਜਦੂਤਾਂ ਨਾਲ ਕੀਤੀ ਮੁਲਾਕਾਤ
02

ਅੰਦਰਲੀ ਖ਼ਬਰ
ਕੈਨੇਡਾ ਜਾ ਕੇ ਬਦਲੇ ਤੇਵਰ, ਦਿੱਲੀ ਏਅਰਪੋਰਟ 'ਤੇ ਪੈਰ ਰੱਖਦੇ ਹੀ ਪੰਜਾਬ ਪੁਲਿਸ ਨੇ ਚੁੱਕਿਆ ਮੁੰਡਾ
07

ਲੇਖ
ਸਾਹਿਤ ਦੀਆਂ ਮੱਛੀਆਂ !

PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611 | 18 ਜਨਵਰੀ ਤੋਂ 24 ਜਨਵਰੀ, 2024 | Email :- editor@punjabstar.com, Vo. 20. Issue:1120

ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿੱਚ 86% ਦੀ ਗਿਰਾਵਟ !

ਓਟਾਵਾ : ਭਾਰਤ ਅਤੇ ਕਨੇਡਾ ਵਿਚਾਲੇ ਵਿਵਾਦ ਹੁਣ ਪਹਿਲਾਂ ਵਾਂਗ ਨਹੀਂ ਰਹੇ ਹਨ। ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਨੂੰ ਲੈ ਕੇ ਭਾਰਤ ਨੇ ਕੈਨੇਡਾ ਨਾਲ ਸਿਆਸੀ ਸਬੰਧਾਂ ਨੂੰ ਲੈ ਕੇ ਸਖ਼ਤ ਰੁਖ਼ ਅਪਣਾਇਆ ਹੈ। ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ ਹੈ। ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ। ਉਜ, ਹਾਲੀਆ ਘਟਨਾਵਾਂ ਵਿੱਚ ਭਾਰਤੀ ਵਿਦਿਆਰਥੀਆਂ ਦਾ ਵੀ ਮੋਹ ਭੰਗ ਹੋਣ ਦੀ ਗੱਲ ਸਾਹਮਣੇ ਆਈ ਹੈ। ਰਿਪੋਰਟ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵੀ ਕਿਹਾ ਕਿ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਭਵਿੱਖ ਵਿੱਚ ਵੱਧਣ ਦੀ ਸੰਭਾਵਨਾ ਨਹੀਂ ਹੈ। ਕੈਨੇਡਾ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਮਿਲਣ ਵਾਲੇ ਪਰਮਿਟਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਰਿਪੋਰਟ ਮੁਤਾਬਕ ਲਗਭਗ 86 ਫੀਸਦੀ ਘੱਟ ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਮਿਲੇ ਹਨ। ਕੈਨੇਡੀਅਨ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪਿਛਲੇ ਸਾਲ ਦੀ ਆਖਰੀ ਤਿਮਾਹੀ ਵਿੱਚ ਭਾਰੀ ਗਿਰਾਵਟ ਦੇਖੀ ਗਈ ਕਿਉਂਕਿ ਭਾਰਤ ਨੇ ਪਰਮਿਟ ਪ੍ਰਕਿਰਿਆ ਪੂਰੀ ਕਰ ਚੁੱਕੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਇਸ ਦਾ ਇੱਕ ਨਤੀਜਾ ਇਹ ਸੀ ਕਿ ਪਹਿਲਾਂ ਨਾਲੋਂ ਘੱਟ ਵਿਦਿਆਰਥੀਆਂ ਨੇ ਕਨੇਡਾ ਵਿੱਚ ਪੜ੍ਹਨ ਲਈ ਅਪਲਾਈ ਕੀਤਾ।

ਇਮੀਗ੍ਰੇਸ਼ਨ ਮੰਤਰੀ ਮਿਲਰ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਦੇ ਤਣਾਅਪੂਰਨ ਸਬੰਧਾਂ ਦਾ ਸਿੱਖਿਆ ਜਗਤ 'ਤੇ ਕਾਫੀ ਅਸਰ ਪੈ ਰਿਹਾ ਹੈ। ਵਿਵਾਦ ਕਾਰਨ ਭਾਰਤ ਤੋਂ ਬਹੁਤ ਘੱਟ ਲੋਕ ਅਪਲਾਈ ਕਰ ਰਹੇ ਹਨ। ਇਸ ਦੇ ਨਾਲ ਹੀ ਇਸ 'ਤੇ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ ਵੀ ਲਗਭਗ ਅੱਧੀ ਰਹਿ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਕਤੂਬਰ 'ਚ 41 ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ 'ਚੋਂ ਕੱਢ ਦਿੱਤਾ ਗਿਆ ਸੀ। ਅਤੇ ਪਿਛਲੀ ਤਿਮਾਹੀ ਵਿੱਚ ਸਿਰਫ਼ 14,910 ਵਿਦਿਆਰਥੀਆਂ ਨੂੰ ਪਰਮਿਟ ਮਿਲੇ ਸਨ। ਅਧਿਕਾਰਤ ਅੰਕੜਿਆਂ ਮੁਤਾਬਕ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਕਾਰਨ ਪਿਛਲੇ ਸਾਲ ਦੀ ਚੌਥੀ ਤਿਮਾਹੀ 'ਚ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਪਰਮਿਟ ਤੀਜੀ ਤਿਮਾਹੀ ਦੇ ਮੁਕਾਬਲੇ 86 ਫੀਸਦੀ ਤੱਕ ਘੱਟ ਗਏ, ਯਾਨੀ ਜੁਲਾਈ 'ਚ ਕੁੱਲ 1,08,940 ਪਰਮਿਟ ਜਾਰੀ ਕੀਤੇ ਗਏ। ਹਾਲਾਂਕਿ ਚੌਥੇ ਤਿਮਾਹੀ ਵਿੱਚ ਸਿਰਫ਼ 14,910 ਵਿਦਿਆਰਥੀਆਂ ਨੂੰ ਹੀ ਪਰਮਿਟ ਮਿਲ ਸਕੇ ਹਨ। ਓਟਾਵਾ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਸਲਾਹਕਾਰ ਸੀ ਗੁਰੂਸ ਉਬਰਾਮਨੀਅਮ ਨੇ ਕਿਹਾ ਕਿ ਕੈਨੇਡੀਅਨ ਸੰਸਥਾਵਾਂ ਵਿੱਚ ਹੋਸਟਲਾਂ ਅਤੇ ਅਕਾਦਮਿਕ ਮਿਆਰਾਂ ਵਿੱਚ ਆਈ ਗਿਰਾਵਟ ਨੇ ਭਾਰਤ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਹੋਰ ਵਿਕਲਪਾਂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕੀਤਾ ਹੈ।

ਥਾਈਲੈਂਡ 'ਚ ਪਟਾਕਿਆਂ ਦੀ ਫੈਕਟਰੀ 'ਚ ਧਮਾਕਾ

15 ਲੋਕਾਂ ਦੀ ਮੌਤ

ਪੰਜਾਬ ਸਟਾਰ ਬਿਊਰੋ

ਥਾਈਲੈਂਡ ਦੇ ਸੁਫਾਨ ਬੁਰੀ ਸੂਬੇ 'ਚ ਬੁੱਧਵਾਰ ਨੂੰ ਪਟਾਕਿਆਂ ਦੀ ਫੈਕਟਰੀ 'ਚ ਹੋਏ ਧਮਾਕੇ 'ਚ 15 ਲੋਕਾਂ ਦੀ ਮੌਤ ਹੋ ਗਈ। ਨਾਲ ਹੀ ਕਈ ਲੋਕ ਜ਼ਖਮੀ ਹੋ ਗਏ। ਕੋਂਦਰੀ ਥਾਈਲੈਂਡ ਵਿੱਚ ਇੱਕ ਪਟਾਕੇ ਬਣਾਉਣ ਵਾਲੀ ਫੈਕਟਰੀ ਵਿੱਚ ਹੋਏ ਧਮਾਕੇ ਵਿੱਚ ਸਥਾਨਕ ਅਧਿਕਾਰੀਆਂ ਅਨੁਸਾਰ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਹੈ।

ਬੱਸ ਦੇ ਟਰਾਲੇ ਨਾਲ ਟਕਰਾਉਣ ਕਾਰਨ 4 ਪੁਲਿਸ ਮੁਲਾਜ਼ਮਾਂ ਦੀ ਮੌਤ

ਜਲੰਧਰ ਪਠਾਨਕੋਟ ਕੌਮੀ ਮਾਰਗ ਉੱਤੇ ਅੱਜ ਸਵੇਰੇ ਵਾਪਰੇ ਸੜਕ ਹਾਦਸੇ ਵਿਚ ਇਕ ਮਹਿਲਾ ਪੁਲਿਸ ਮੁਲਾਜ਼ਮ ਸਮੇਤ 4 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ, ਜਦੋਂ ਕਿ ਕਰੀਬ 15 ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਮੁਕੇਰੀਆਂ, ਦਸੂਹਾ ਅਤੇ ਜਲੰਧਰ ਦੇ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ। ਹਾਦਸੇ ਦਾ ਕਾਰਨ ਸੰਘਣੀ ਧੁੰਦ ਦੱਸਿਆ ਜਾ ਰਿਹਾ ਹੈ। ਮੌਕੇ 'ਤੇ ਸਿਵਲ ਹਸਪਤਾਲ ਮੁਕੇਰੀਆਂ ਪੁੱਜ ਕੇ ਉੱਚ ਪੁਲਿਸ ਅਧਿਕਾਰੀਆਂ ਨੇ ਜ਼ਖਮੀਆਂ ਦਾ ਹਾਲ ਜਾਣਿਆਂ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਮੁਲਾਜ਼ਮਾਂ ਦੀ ਭਰੀ ਇਹ ਬੱਸ ਜਲੰਧਰ ਤੋਂ ਗੁਰਦਾਸਪੁਰ ਨੂੰ ਜਾ ਰਹੀ ਸੀ, ਜਿਹੜੀ ਕਿ ਐਮਾ ਮਾਂਗਟ ਦੇ ਬੱਸ ਅੱਡੇ ਕੋਲ ਸੜਕ ਕਿਨਾਰੇ ਖੜ੍ਹੇ ਸੀਮੇਂਟ ਦੇ ਭਰੇ ਟਰਾਲੇ ਨਾਲ ਜਾ ਟਕਰਾਈ।

ਜਾਨੋਂ ਮਾਰਨ ਦੀ ਧਮਕੀ ਮਿਲਣ ਤੋਂ ਬਾਅਦ ਮੁੱਖ ਮੰਤਰੀ ਦਾ ਪਹਿਲਾ ਬਿਆਨ ਆਇਆ ਸਾਹਮਣੇ

ਪੰਜਾਬ ਸਟਾਰ ਬਿਊਰੋ

ਚੰਡੀਗੜ੍ਹ : ਖਾਲਿਸਤਾਨੀ ਸਮਰਥਕ ਤੇ ਸਿੱਖ ਫਾਰ ਜਸਟਿਸ ਦੇ ਅੱਤਵਾਦੀ ਗੁਰਪਤਵੰਤ ਪੰਨੂ ਵਲੋਂ ਦਿੱਤੀ ਗਈ ਜਾਨੋਂ ਮਾਰਨ ਦੀ ਧਮਕੀ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਠੋਕਵਾਂ ਜਵਾਬ ਦਿੱਤਾ ਹੈ। ਮੁੱਖ ਮੰਤਰੀ ਨੇ ਆਖਿਆ ਹੈ ਕਿ ਸਾਢੇ ਤਿੰਨ ਕਰੋੜ ਲੋਕਾਂ ਦੀ ਨੀਂਦ ਅਤੇ ਚੈਨ ਖਰਾਬ ਕਰਨ ਵਾਲਿਆਂ ਨੂੰ ਅਸੀਂ ਸਜ਼ਾਵਾਂ ਦੇ ਰਹੇ ਹਾਂ, ਜੇਲ੍ਹਾਂ ਵਿਚ ਡੱਕ ਰਹੇ ਹਾਂ ਜਾਂ ਜਵਾਬੀ ਕਾਰਵਾਈ ਵਿਚ ਗੋਲ਼ੀ ਚਲਾ ਰਹੇ ਹਾਂ ਤਾਂ ਅਜਿਹੀਆਂ ਧਮਕੀਆਂ ਆਉਣੀਆਂ ਸੁਭਾਵਕ ਹਨ। ਪੰਜਾਬ ਵਾਸੀਆਂ ਦੀ ਜਾਨ-ਮਾਲ ਦੀ ਰਾਖੀ ਕਰਨਾ, ਉਨ੍ਹਾਂ ਦਾ ਸੁੱਖ ਚੈਨ ਬਹਾਲ ਰੱਖਣਾ ਸਾਡਾ ਫਰਜ਼ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਸ ਨੂੰ ਵੀ ਪੂਰੀ ਤਰ੍ਹਾਂ ਅਪਡੇਟ ਰੱਖਿਆ ਜਾ ਰਿਹਾ ਹੈ।

ਸਾਡਾ ਸੂਬਾ ਪਾਕਿਸਤਾਨ ਦੇ ਨਾਲ ਲੱਗਦਾ ਹੈ, ਲਿਹਾਜ਼ਾ ਸਾਨੂੰ ਅੰਦਰੂਨੀ ਸੁਰੱਖਿਆ ਦੇ ਨਾਲ-ਨਾਲ ਬਾਹਰੀ ਸੁਰੱਖਿਆ ਦਾ ਵੀ ਧਿਆਨ ਰੱਖਣਾ ਹੁੰਦਾ ਹੈ, ਇਸ ਲਈ ਪੰਜਾਬ ਪੁਲਸ ਬੀ. ਐੱਸ. ਐੱਫ. ਦੀ ਮਦਦ ਵੀ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਕਈ ਦੇਸ਼ ਹਨ ਜਿਨ੍ਹਾਂ ਵਿਚ ਗੈਂਗਸਟਰਾਂ ਨੇ ਪਨਾਹ ਲਈ ਹੋਈ ਹੈ, ਜਿੱਥੇ ਉਨ੍ਹਾਂ ਨੇ ਪੁਲਸ ਦੇ ਨੱਕ 'ਚ ਦਮ ਕੀਤਾ ਹੋਇਆ ਹੈ, ਲਿਹਾਜ਼ਾ ਉਨ੍ਹਾਂ ਮੁਲਕਾਂ ਨੂੰ ਇਨ੍ਹਾਂ ਗੈਂਗਸਟਰਾਂ ਖ਼ਿਲਾਫ਼ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਬੈਠੇ ਗੈਂਗਸਟਰਾਂ ਨੂੰ ਨੱਥ ਪਾਉਣ ਲਈ ਭਾਰਤ ਸਰਕਾਰ ਦੇ ਸੰਬੰਧਤ ਮੰਤਰਾਲੇ ਨਾਲ ਗੱਲਬਾਤ ਕੀਤੀ ਜਾ ਰਹੀ ਹੈ, ਤਾਂ ਜੋ ਇਨ੍ਹਾਂ ਨੂੰ ਵਾਪਸ ਲਿਆਂਦਾ ਜਾ ਸਕੇ।

'ਕਲਾਈਮੇਟ ਐਕਸ਼ਨ ਇਨੀਸ਼ੀਏਟਿਵ ਪੇਅਮੈਂਟ' ਦੀ ਪਹਿਲੀ ਕਿਸ਼ਤ 15 ਜਨਵਰੀ ਨੂੰ ਪ੍ਰਾਪਤ ਹੋਈ: ਐੱਮ.ਪੀ. ਸੋਨੀਆ ਸਿੱਧੂ

ਬਰੈਂਪਟਨ (ਪੰਜਾਬ ਸਟਾਰ ਬਿਊਰੋ): ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਵੱਲੋਂ ਵਾਤਾਵਰਣ ਦੀ ਅਹਿਮੀਅਤ ਤੇ ਇਸ ਦੀ ਸੰਭਾਲ ਸਬੰਧੀ ਕੈਨੇਡਾ ਦੀ ਪਹੁੰਚ ਬਾਰੇ ਭਰਪੂਰ ਇੰਕਸ਼ਾਫ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਵਸਨੀਕ ਇਸ ਸਾਲ ਦੀ ਵਾਤਾਵਰਣ ਦੀ ਸੰਭਾਲ ਨਾਲ ਜੁੜੀ ਹੋਈ 'ਕਲਾਈਮੇਟ ਐਕਸ਼ਨ ਇਨੀਸ਼ੀਏਟਿਵ ਪੇਅਮੈਂਟ' (ਸੀਏਆਈਪੀ) ਦੀ ਪਹਿਲੀ ਕਿਸ਼ਤ 15 ਜਨਵਰੀ ਨੂੰ ਪ੍ਰਾਪਤ ਕਰ ਰਹੇ ਹਨ। ਕਨੇਡਾ ਸਰਕਾਰ ਦੀ ਇਹ ਪਹਿਲਕਦਮੀ ਨਾ ਕੇਵਲ ਵਾਤਾਵਰਣ ਦੀ ਤਬਦੀਲੀ ਨੂੰ ਹੀ ਸੰਬੋਧਿਤ ਹੈ, ਸਗੋਂ ਇਹ ਵਿਅੱਕਤੀਆਂ ਤੇ ਪਰਿਵਾਰਾਂ ਨੂੰ ਸਿੱਧੀ ਵਿੱਤੀ ਰਾਹਤ ਵੀ ਪ੍ਰਦਾਨ ਕਰਦੀ ਹੈ। ਇਸ ਦੇ ਨਾਲ ਹੀ ਇਹ ਉਨ੍ਹਾਂ ਨੂੰ ਵਾਤਾਵਰਣ ਵਿਚ ਕਾਰਬਨ ਦੀ ਮਾਤਰਾ ਘੱਟ ਰੱਖਣ ਲਈ ਵੀ ਉਤਸ਼ਾਹਿਤ ਕਰਦੀ ਹੈ।

ਬਰੈਂਪਟਨ ਅਤੇ ਓਨਟਾਰੀਓ ਵਾਸੀ 15 ਜਨਵਰੀ ਤੋਂ ਵਾਤਾਵਰਣ ਸਬੰਧੀ ਇਹ ਰਾਹਤ ਪ੍ਰਾਪਤ ਕਰਨਗੇ। ਇਸ ਨੂੰ 'ਕਲਾਈਮੇਟ ਐਕਸ਼ਨ ਇਨੀਸ਼ੀਏਟਿਵ ਪਲੈਨ' (ਸੀਏਆਈਪੀ) ਦਾ ਨਾਂ ਦਿੱਤਾ ਗਿਆ ਹੈ ਅਤੇ ਇਹ ਹੇਠ ਲਿਖੇ ਅਨੁਸਾਰ ਹੋਵੇਗੀ :

ਪਰਿਵਾਰ ਦਾ ਪਹਿਲਾ ਬਾਲਗ 161 ਡਾਲਰ
ਪਰਿਵਾਰ ਦਾ ਦੂਸਰਾ ਬਾਲਗ 61 ਡਾਲਰ
ਪਰਿਵਾਰ ਦਾ ਹਰੇਕ ਬੱਚਾ 30.50 ਡਾਲਰ
ਚਾਰ ਮੈਂਬਰਾਂ ਦਾ ਪਰਿਵਾਰ 244 ਡਾਲਰ

ਇਹ ਰਾਹਤ ਕਨੇਡਾ ਸਰਕਾਰ ਵੱਲੋਂ ਲੋਕਾਂ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ ਅਤੇ ਇਹ ਬਰੈਂਪਟਨ ਅਤੇ ਕਨੇਡਾ ਦੇ ਹਰੇਕ ਵਾਸੀ ਨੂੰ ਦਿੱਤੀ ਜਾਣ ਵਾਲੀ ਸਿੱਧੀ ਮਾਇਕ ਸਹਾਇਤਾ ਹੈ। ਇਹ ਹਵਾ ਵਿਚ ਕਾਰਬਨ ਗੈਸਾਂ ਦੇ ਰਿਸਾਅ ਨੂੰ ਨਿਯੰਤਰਣ ਵਿੱਚ ਰੱਖਣ ਲਈ ਲੋਕਾਂ ਨੂੰ ਦਿੱਤਾ ਜਾਣ ਵਾਲਾ ਉਤਸ਼ਾਹ ਹੈ ਅਤੇ ਇਸ ਦੇ ਨਾਲ ਹੀ ਇਹ ਉਨ੍ਹਾਂ ਦੇ ਜੀਵਨ ਨਿਰਬਾਹ ਲਈ ਵੀ ਮਦਦਗਾਰ ਸਾਬਤ ਹੁੰਦੀ ਹੈ। ਇਹ ਰਾਹਤ ਆਰਥਿਕ ਪੱਖੋਂ ਹੇਠਲੇ ਅਤੇ ਮੱਧ ਵਰਗ ਲਈ ਵਿਸ਼ੇਸ਼ ਤੌਰ 'ਤੇ ਸਹਾਈ ਹੁੰਦੀ ਹੈ। ਹੁਣ ਜਦੋਂ ਅਸੀਂ ਸਾਲ 2024 ਵਿਚ ਦਾਖ਼ਲ ਹੋਏ ਹਾਂ, ਕੈਨੇਡਾ ਸਰਕਾਰ ਆਪਣੇ ਇਸ ਅਹਿਦ ਨੂੰ ਮੁੜ ਦੁਹਰਾਉਂਦੀ ਹੈ ਕਿ 2005 ਤੋਂ ਅੱਗੋਂ ਕਾਰਬਨ ਗੈਸਾਂ ਦੇ ਰਿਸਾਅ ਨੂੰ 2030 ਤੱਕ 40% ਘਟਾਇਆ ਜਾ ਰਿਹਾ ਹੈ ਅਤੇ 2050 ਤੱਕ ਇਸ ਨੂੰ ਜ਼ੀਰੋ ਪੱਧਰ 'ਤੇ ਲਿਆਂਦਾ ਜਾਏਗਾ। ਸਰਕਾਰ ਦੇ 'ਪੌਲਿਊਸ਼ਨ ਪ੍ਰਾਈਸਿੰਗ' ਦੇ ਇਸ ਉਪਰਾਲੇ ਦੀ ਭਵਿੱਖ ਵਿਚ ਹੋਰ ਵੀ ਵਧੇਰੇ ਅਹਿਮੀਅਤ ਹੋਣ ਦੀ ਆਸ ਹੈ। ਸਾਲ 2030 ਤੱਕ ਇਹ ਗੈਸਾਂ ਦੇ ਸਮੁੱਚੇ ਰਿਸਾਅ ਦਾ ਤੀਸਰਾ ਹਿੱਸਾ ਹੋਵੇਗਾ ਅਤੇ ਇਹ ਅੱਗੋਂ ਹੋਰ ਵੀ ਘੱਟਦਾ ਜਾਏਗਾ ਜਿਸ ਦੇ ਫ਼ਲਸਰੂਪ ਵਾਤਾਵਰਣ ਹੋਰ ਸਾਫ਼ ਤੇ ਸਵੱਛ ਹੋਵੇਗਾ।

ਬਰੈਂਪਟਨ ਵਿਚ ਸਾਲ 2023 ਦੌਰਾਨ ਹੋਈਆਂ ਵਾਤਾਵਰਣ ਤਬਦੀਲੀਆਂ ਦੇ ਮੱਦੇਨਜ਼ਰ ਵਾਤਾਵਰਣ ਦੀ ਸੰਭਾਲ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। 'ਕਲਾਈਮੇਟ ਐਕਸ਼ਨ ਇਨੀਸ਼ੀਏਟਿਵ ਪੇਅਮੈਂਟ' ਇਸ ਦਿਸ਼ਾ ਵਿਚ ਸਰਕਾਰ ਵੱਲੋਂ ਲਿਆ ਗਿਆ ਸਾਰਥਕ ਕਦਮ ਹੈ। ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ, "ਕਲਾਈਮੇਟ ਐਕਸ਼ਨ ਇਨੀਸ਼ੀਏਟਿਵ ਪੇਅਮੈਂਟ ਦੀ ਅਹਿਮੀਅਤ ਵਿੱਤੀ ਸਹਾਇਤਾ ਤੋਂ ਕਿਤੇ ਵਧੇਰੇ ਹੈ। ਇਹ ਵਾਤਾਵਰਣ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਰੋਕਣ ਦਾ ਸਰਕਾਰ ਦੀ ਵਚਨਬੱਧਤਾ ਹੈ। ਇਨ੍ਹਾਂ ਰਾਹਤਾਂ ਨਾਲ ਅਸੀਂ ਨਾ ਕੇਵਲ ਬਰੈਂਪਟਨ ਵਿਚ ਹੀ, ਸਗੋਂ ਸਮੁੱਚੇ ਵਾਤਾਵਰਣ ਵਿਚ ਕਾਰਬਨ ਦੀ ਮਾਤਰਾ ਨੂੰ ਘਟਾ ਕੇ ਕਨੇਡਾ ਦਾ ਹਰਾ-ਭਰਾ ਭਵਿੱਖ ਬਣਾ ਰਹੇ ਹਾਂ ਅਤੇ ਪਰਿਵਾਰਾਂ ਦੀ ਭਲਾਈ ਲਈ ਉਨ੍ਹਾਂ ਦੀ ਸਹਾਇਤਾ ਕਰ ਰਹੇ ਹਾਂ। ਆਓ ! ਅਸੀਂ ਸਾਰੇ ਮਿਲ ਕੇ ਕੈਨੇਡਾ ਦਾ ਸਾਫ਼-ਸੁਥਰਾ ਅਤੇ ਚਮਕਵਾਂ ਭਵਿੱਖ ਸਿਰਜੀਏ !"

ਅਮਰੀਕੀ ਰਾਸ਼ਟਰਪਤੀ ਦੀ ਉਮੀਦਵਾਰੀ ਲਈ ਚੋਣ ਮੈਦਾਨ ਭਖਿਆ

ਐਟਕਿੰਨਸਨ, (ਪੰਜਾਬ ਸਟਾਰ ਬਿਊਰੋ): ਭਾਵੇਂ ਕਿ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਨਵੰਬਰ ਵਿਚ ਹੋਣ ਜਾ ਰਹੀਆਂ ਹਨ। ਪਰ ਰਿਪਬਲਿਕਨ ਪਾਰਟੀ ਇਨ੍ਹਾਂ ਚੋਣਾਂ ਤੋਂ ਪਹਿਲਾਂ ਪ੍ਰਾਇਮਰੀ ਚੋਣਾਂ ਵਿਚ ਆਪਣਾ ਉਮੀਦਵਾਰ ਚੁਣਨ ਲਈ ਜ਼ੋਰ-ਅਜ਼ਮਾਇਸ਼ ਕਰ ਰਹੀ ਹੈ। ਪਿਛਲੇ ਸਾਲ ਤੋਂ ਸ਼ੁਰੂ ਹੋਇਆ ਇਹ ਮੁਕਾਬਲਾ ਹੁਣ ਲਗਭਗ ਅੰਤਿਮ ਪੜਾਅ ਵਿਚ ਪਹੁੰਚ ਗਿਆ ਹੈ। ਬਹੁਤ ਸਾਰੇ ਉਮੀਦਵਾਰਾਂ ਨੇ ਆਪਣੇ ਨਾਮ ਰਾਸ਼ਟਰਪਤੀ ਅਹੁਦੇਦਾਰੀ ਤੋਂ ਵਾਪਸ ਲੈ ਲਏ ਹਨ। ਹੁਣ ਰਿਪਬਲਿਕਨ ਪਾਰਟੀ ਵੱਲੋਂ ਸਿਰਫ 4 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਇਲਾਵਾ ਭਾਰਤੀ ਮੂਲ ਦੀ ਨਿੱਕੀ ਰੰਧਾਵਾ ਹੈਲੀ, ਰੋਨ ਡਿਸੌਂਟਿਸ ਅਤੇ ਰਾਇਨ ਬਿੰਕਲੇ ਇਸ ਚੋਣ ਮੈਦਾਨ ਵਿਚ ਡਟੇ ਹੋਏ ਹਨ। ਅਮਰੀਕਾ ਦੀ ਪਹਿਲੀ ਪ੍ਰਾਇਮਰੀ ਤੋਂ ਇਕ ਹਫਤਾ ਪਹਿਲਾਂ ਨਿਊ ਹੈਂਪਸ਼ਾਇਰ ਵਿਚ ਇਹ ਚਾਰੋ ਉਮੀਦਵਾਰ ਇਕੋ ਸਟੇਜ 'ਤੇ ਇਕੱਠੇ ਹੋਏ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਹੁਦੇ ਲਈ ਇਕ ਹੋਰ ਉਮੀਦਵਾਰ ਭਾਰਤੀ ਮੂਲ ਦੇ ਰਾਮਾਸਵਾਮੀ ਨੇ ਆਪਣਾ ਨਾਂ ਇਸ ਚੋਣ ਦੌੜ ਵਿਚੋਂ ਵਾਪਸ ਲੈ ਲਿਆ ਅਤੇ

ਪੰਜਾਬ ਸਟਾਰ www.punjabstar.com

ਬ੍ਰਿਟਿਸ਼ ਕੋਲੰਬੀਆ 'ਚ ਵਾਪਰਿਆ ਸੜਕ ਹਾਦਸਾ, 4 ਲੋਕਾਂ ਦੀ ਮੌਤ

ਬ੍ਰਿਟਿਸ਼ ਕੋਲੰਬੀਆ- ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਮੰਗਲਵਾਰ ਨੂੰ ਵਾਪਰੇ ਇੱਕ ਸੜਕ ਹਾਦਸੇ ਵਿੱਚ 4 ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਵਰਨੌਨ ਨਾਰਥ ਓਕਾਨਾਗਨ ਆਰ.ਸੀ.ਐੱਮ.ਪੀ. ਦਾ ਕਹਿਣਾ ਹੈ ਕਿ 2 ਵਾਹਨਾਂ ਦੀ ਟੱਕਰ ਕਾਮਲੂਪਸ ਤੋਂ ਲਗਭਗ 45 ਕਿਲੋਮੀਟਰ ਦੱਖਣ-ਪੂਰਬ ਵਿਚ ਮੋਟੇ ਝੀਲ ਨੇੜੇ ਹਾਈਵੇਅ 97 'ਤੇ ਸਵੇਰੇ 9 ਵਜੇ ਤੋਂ ਠੀਕ ਪਹਿਲਾਂ ਹੋਈ। ਦੋਵਾਂ ਡਰਾਈਵਰਾਂ ਅਤੇ ਦੋ ਯਾਤਰੀਆਂ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦਕਿ ਪੰਜਵੇਂ ਵਿਅਕਤੀ ਨੂੰ ਗੰਭੀਰ ਹਾਲਤ 'ਚ ਹਸਪਤਾਲ ਲਿਜਾਇਆ ਗਿਆ। ਵਰਨੌਨ ਨੌਰਥ ਓਕਾਨਾਗਨ ਆਰ.ਸੀ.ਐੱਮ.ਪੀ. ਦੇ ਬੁਲਾਰੇ ਕਾਂਸਟੇਬਲ ਕ੍ਰਿਸ ਟੇਰਲੇਸਕੀ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਇੱਕ ਭਿਆਨਕ ਤ੍ਰਾਸਦੀ ਹੈ ਅਤੇ ਮ੍ਰਿਤਕਾਂ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਸਾਡੀ ਦਿਲੀ ਹਮਦਰਦੀ ਹੈ। ਪੁਲਸ ਹਾਦਸੇ ਦੇ ਕਾਰਨਾਂ ਦੀ ਜਾਂਚ ਅਤੇ ਮ੍ਰਿਤਕਾਂ ਦੀ ਪਛਾਣ ਦੀ ਪੁਸ਼ਟੀ ਕਰਨ ਲਈ ਕਰ ਰਹੀ ਹੈ।

ਪੰਜਾਬ 'ਚ ਵਿਦੇਸ਼ੀ ਨਿਵੇਸ਼ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ 8 ਦੇਸ਼ਾਂ ਦੇ ਰਾਜਦੂਤਾਂ ਨਾਲ ਕੀਤੀ ਮੁਲਾਕਾਤ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਬੁੱਧਵਾਰ ਨੂੰ ਵੱਖ-ਵੱਖ ਦੇਸ਼ਾਂ ਦੇ ਸਫ਼ੀਰਾਂ ਨੇ ਸੂਬੇ 'ਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਸਫ਼ੀਰਾਂ ਨਾਲ ਮੀਟਿੰਗਾਂ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਨੂੰ ਅਪਾਰ ਸੰਭਾਵਨਾਵਾਂ ਤੇ ਮੌਕਿਆਂ ਦਾ ਕੇਂਦਰ ਦੱਸਦਿਆਂ ਉਨ੍ਹਾਂ ਨੂੰ ਆਪੋ-ਆਪਣੇ ਦੇਸ਼ਾਂ ਦੀਆਂ ਕੰਪਨੀਆਂ ਰਾਹੀਂ ਸੂਬੇ ਵਿੱਚ ਨਿਵੇਸ਼ ਕਰਨ ਲਈ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਉਦਯੋਗਿਕ ਧੁਰੇ ਵਜੋਂ ਤੇਜ਼ੀ ਨਾਲ ਉੱਭਰ ਰਹੇ ਪੰਜਾਬ ਵਿੱਚ ਨਿਵੇਸ਼ ਕਰ ਕੇ ਕੰਪਨੀਆਂ ਨੂੰ ਚੋਖਾ ਲਾਭ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਸੰਪੂਰਨ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਜਿਹੇ ਮੁੱਖ ਕਾਰਨ ਹੀ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਖ਼ੁਸ਼ਹਾਲੀ ਦਾ ਧੁਰਾ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਕਾਰੋਬਾਰ ਫੈਲਾਉਣ ਲਈ ਵਧੀਆ ਬੁਨਿਆਦੀ ਢਾਂਚੇ, ਬਿਜਲੀ, ਹੁਨਰਮੰਦ ਮਨੁੱਖੀ ਵਸੀਲਿਆਂ ਅਤੇ ਉੱਤਮ ਉਦਯੋਗਿਕ ਅਤੇ ਕੰਮ-ਕਾਜ ਵਿਧੀਆਂ ਨਾਲ ਲੈਸ ਢੁਕਵੇਂ ਮਾਹੌਲ ਤੋਂ ਭਰਪੂਰ ਲਾਭ ਲੈਣਾ ਚਾਹੀਦਾ ਹੈ। ਕੰਪਨੀਆਂ ਦਾ ਭਰਵਾਂ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਨਵੇਂ ਵਿਚਾਰਾਂ ਅਤੇ ਕਾਢਾਂ ਲਈ ਸੂਬਾ ਸਰਕਾਰ ਦੇ ਬੂਹੇ ਹਮੇਸ਼ਾ ਖੁੱਲ੍ਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇਸ਼ ਦਾ ਉਦਯੋਗਿਕ ਧੁਰਾ ਬਣ ਕੇ ਉਭਰੇਗਾ।

ਆਸਟਰੇਲੀਆ ਦੇ ਸਫ਼ੀਰ ਫਿਲਿਪ ਗ੍ਰੀਨ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਆਸਟਰੇਲੀਆ ਅਤੇ ਪੰਜਾਬ ਦੋਵਾਂ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੇਤੀਬਾੜੀ, ਖੇਡ ਉਦਯੋਗ, ਪਸ਼ੂ-ਚਾਰਾ, ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਨਿਵੇਸ਼ ਦੀ ਵੱਡੀ ਸੰਭਾਵਨਾ ਹੈ। ਭਗਵੰਤ ਸਿੰਘ ਮਾਨ ਨੇ ਆਸਟਰੇਲੀਅਨ ਕੰਪਨੀਆਂ ਨੂੰ ਸੂਬੇ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਆਸਟਰੇਲੀਆ ਅਤੇ ਪੰਜਾਬ ਦੋਵਾਂ ਲਈ ਲਾਹੇਵੰਦ ਹੋਵੇਗਾ।

ਯੂ.ਕੇ. ਦੇ ਰਾਜਦੂਤ ਐਲੇਕਸ ਏਲਿਸ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਯੂ.ਕੇ. ਅਤੇ ਪੰਜਾਬ ਵਿੱਚ ਐਗਰੀ-ਫੂਡ ਪ੍ਰੋਸੈਸਿੰਗ ਸੈਕਟਰ ਜਿਵੇਂ ਪੋਲਟਰੀ, ਸੂਰ ਪਾਲਣ, ਵੈਲਯੂ ਐਡਿਡ ਡੇਅਰੀ ਉਤਪਾਦਾਂ, ਫਲਾਂ ਦੇ ਜੂਸ ਕਨਸਨਟਰੇਟ ਮੈਨੂਫੈਕਚਰਿੰਗ, ਆਲੂ ਦੀ ਪ੍ਰੋਸੈਸਿੰਗ, ਫੂਡ ਪੈਕੇਜਿੰਗ ਅਤੇ ਰੈਡੀ ਟੂ ਈਟ /ਕੰਫੈਕਸ਼ਨਰੀ ਆਈਟਮਾਂ ਦੇ ਖੇਤਰ ਵਿੱਚ ਅਪਾਰ ਸੰਭਾਵਨਾਵਾਂ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਯੂ.ਕੇ. ਅਤੇ ਪੰਜਾਬ ਦੋਵਾਂ ਨੂੰ ਫਾਰਮਾਸਿਊਟੀਕਲਜ਼, ਇੰਜਨੀਅਰਿੰਗ, ਸੂਚਨਾ ਤਕਨਾਲੋਜੀ ਅਤੇ ਰਸਾਇਣਕ ਖੇਤਰਾਂ ਵਿੱਚ ਵੀ ਰਣਨੀਤਕ ਸਾਂਝਾਂ ਤੋਂ ਲਾਭ ਹੋ ਸਕਦਾ

ਹੈ। ਉਨ੍ਹਾਂ ਯੂ.ਕੇ. ਦੀਆਂ ਯੂਨੀਵਰਸਿਟੀਆਂ ਨੂੰ ਪੰਜਾਬ ਵਿੱਚ ਆਪਣੇ ਕੈਂਪਸ ਸਥਾਪਤ ਕਰਨ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਰਾਜਦੂਤ ਨੂੰ ਯੂ.ਕੇ. ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਪੰਜਾਬੀਆਂ ਵੱਲੋਂ ਨਿਭਾਈ ਜਾ ਰਹੀ ਅਹਿਮ ਭੂਮਿਕਾ ਬਾਰੇ ਵੀ ਯਾਦ ਦਿਵਾਇਆ ਅਤੇ ਉਨ੍ਹਾਂ ਨੇ ਯਾਤਰੀਆਂ ਦੀ ਸਹੂਲਤ ਲਈ ਯੂ.ਕੇ. ਅਤੇ ਪੰਜਾਬ ਦਰਮਿਆਨ ਸਿੱਧੀ ਫਲਾਈਟ ਕੁਨੈਕਟੀਵਿਟੀ ਮੁਹੱਈਆ ਕਰਵਾਏ ਜਾਣ ਸਬੰਧੀ ਮਸਲੇ ਨੂੰ ਵੀ ਹਰੀ ਝੰਡੀ ਦਿੱਤੀ। ਬ੍ਰਾਜ਼ੀਲ ਦੇ ਸਫ਼ੀਰ ਕੈਨੇਥ ਐਚ. ਡਾ ਨੋਬਰੇਗਾ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਬ੍ਰਾਜ਼ੀਲ ਦੀਆਂ ਕੰਪਨੀਆਂ ਵੱਲੋਂ ਐਗਰੋ ਫੂਡ ਪ੍ਰੋਸੈਸਿੰਗ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਲੌਜਿਸਟਿਕਸ, ਸੂਚਨਾ ਅਤੇ ਤਕਨਾਲੋਜੀ ਅਤੇ ਰਸਾਇਣਾਂ ਵਰਗੇ ਖੇਤਰਾਂ ਵਿੱਚ ਨਿਵੇਸ਼ ਦੀ ਵੱਡੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਬ੍ਰਾਜ਼ੀਲ ਦੀਆਂ ਕੰਪਨੀਆਂ ਸੂਬੇ ਵਿੱਚ ਨਿਵੇਸ਼ ਕਰਕੇ ਬਹੁਤ ਲਾਭ ਉਠਾ ਸਕਦੀਆਂ ਹਨ ਕਿਉਂਕਿ ਸੂਬੇ ਵਿੱਚ ਉਪਜਾਊ ਜ਼ਮੀਨ ਤੋਂ ਇਲਾਵਾ ਹੁਨਰਮੰਦ ਅਤੇ ਮਿਹਨਤੀ ਮਨੁੱਖਾ ਸ਼ਕਤੀ ਉਪਲਬਧ ਹੈ ਜੋ ਕਿ ਉਨ੍ਹਾਂ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਭਰੋਸਾ ਦਿਵਾਇਆ ਕਿ ਰਾਜ ਵਿੱਚ ਨਿਵੇਸ਼ ਕਰਨ ਦੀਆਂ ਚਾਹਵਾਨ ਬ੍ਰਾਜ਼ੀਲੀਅਨ ਕੰਪਨੀਆਂ ਨੂੰ ਸੂਬੇ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ।

ਸਪੇਨ ਦੇ ਰਾਜਦੂਤ ਜੋਸ ਮਾਰੀਆ ਰਿਦਾਓ ਨਾਲ ਵਿਚਾਰ-ਵਟਾਂਦਰੇ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਬਾਸਮਤੀ ਚਾਵਲ, ਬਲਕ ਰੱਗਜ਼, ਸਟੀਲ ਅਤੇ ਲੋਹੇ ਦੇ ਉਤਪਾਦ, ਆਟੋ ਕੰਪੋਨੈਂਟਸ, ਐਗਰੋ-ਕੈਮੀਕਲਜ਼, ਸੂਤੀ ਕਪੜੇ, ਮੇਕਅਪ ਅਤੇ ਹੋਰ ਪ੍ਰਮੁੱਖ ਉਤਪਾਦ ਸਪੇਨ ਨੂੰ ਬਰਾਮਦ (ਨਿਰਯਾਤ) ਕਰਦਾ ਹੈ ਤੇ ਇਨ੍ਹਾਂ ਬਰਾਮਦਾਂ ਦਾ ਕੁੱਲ ਮੁੱਲ 510.35 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਐਗਰੋ ਫੂਡ ਪ੍ਰੋਸੈਸਿੰਗ, ਏਰੋਸਪੇਸ ਅਤੇ ਰੱਖਿਆ, ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਸ੍ਰੋਤ, ਸੂਚਨਾ ਅਤੇ ਤਕਨਾਲੋਜੀ ਅਤੇ ਆਟੋ/ਆਟੋਮੋਬਾਈਲ ਕੰਪੋਨੈਂਟਸ ਦੇ ਖੇਤਰਾਂ ਵਿੱਚ ਨਿਵੇਸ਼ ਦੀ ਵੱਡੀ ਸੰਭਾਵਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਅਤੇ ਤਸੱਲੀ ਵਾਲੀ ਗੱਲ ਹੈ ਕਿ ਸਪੇਨ ਭਾਰਤ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਵਿੱਚ 16ਵਾਂ ਸਭ ਤੋਂ ਵੱਡਾ ਦੇਸ਼ ਹੈ ਅਤੇ ਪੰਜਾਬ ਵੀ ਇਸ ਤੋਂ ਬਹੁਤ ਲਾਭ ਉਠਾ ਸਕਦਾ ਹੈ। ਮਲੇਸ਼ੀਆ ਦੇ ਸਫ਼ੀਰ ਦਾਤੋ ਮੁਜ਼ੱਫਰ ਸ਼ਾਹ ਮੁਸਤਫਾ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਸਭ ਤੋਂ ਪਸੰਦੀਦਾ ਸੈਰ ਸਪਾਟਾ ਸਥਾਨ ਵਜੋਂ ਉਭਰਿਆ ਹੈ ਅਤੇ ਸੂਬਾ ਸਰਕਾਰ ਪਹਿਲਾਂ ਹੀ ਵੱਡੇ ਪੱਧਰ 'ਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਮਲੇਸ਼ੀਆ ਦਰਮਿਆਨ ਰਣਨੀਤਕ ਸਾਂਝ ਖਾਸ ਕਰਕੇ ਸੈਰ ਸਪਾਟਾ ਅਤੇ ਵਿਦੇਸ਼ੀ ਪਰਵਾਸੀ ਭਾਰਤੀ ਭਾਈਚਾਰੇ ਦੋਵਾਂ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਇਸੇ ਤਰ੍ਹਾਂ ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਵਿੱਚ ਨਿਰਮਾਣ, ਸੂਚਨਾ ਅਤੇ ਤਕਨਾਲੋਜੀ, ਊਰਜਾ ਅਤੇ ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਵਰਗੇ ਖੇਤਰਾਂ ਵਿੱਚ ਵੀ ਨਿਵੇਸ਼ ਦੀ ਵੱਡੀ ਸੰਭਾਵਨਾ ਹੈ।

ਨੀਦਰਲੈਂਡ ਦੀ ਰਾਜਦੂਤ ਸ੍ਰੀਮਤੀ ਮੈਰੀ ਲੁਈਸਾ ਗੇਰਾਡਜ਼ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਜਾਣ ਕੇ ਖੁਸ਼ੀ ਹੋਈ ਕਿ ਨੀਦਰਲੈਂਡ ਭਾਰਤ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਵਿੱਚ ਚੌਥਾ ਸਭ ਤੋਂ ਵੱਡਾ ਦੇਸ਼ ਹੈ। ਉਨ੍ਹਾਂ ਕਿਹਾ ਕਿ ਨੀਦਰਲੈਂਡ ਦੀਆਂ ਕੰਪਨੀਆਂ ਪਹਿਲਾਂ ਹੀ ਪੰਜਾਬ ਵਿੱਚ ਨਿਵੇਸ਼ ਕਰ ਚੁੱਕੀਆਂ ਹਨ ਅਤੇ ਉਨ੍ਹਾਂ ਨੇ ਅਕਤੂਬਰ 2023 ਵਿੱਚ ਵਿਵਿਧਾ ਇੰਡਸਟਰੀਅਲ ਪਾਰਕ, ਰਾਜਪੁਰਾ ਵਿਖੇ ਡੀ ਹਿਊਜ਼ ਫੈਕਟਰੀ ਦਾ ਨੀਂਹ ਪੱਥਰ ਰੱਖਣ ਦੀ ਰਸਮ ਵੀ ਅਦਾ ਕੀਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੈਂਟਰ ਆਫ ਐਕਸੀਲੈਂਸ ਫਾਰ ਪੋਟਾਟੋ ਕਰੋਪ, ਜੋ ਕਿ ਭਾਰਤੀ-ਡੱਚ ਪ੍ਰੋਜੈਕਟ ਹੈ, ਬੜੀ ਸਫਲਤਾਪੂਰਵਕ ਢੰਗ ਨਾਲ ਚੱਲ ਰਿਹਾ ਹੈ ਅਤੇ ਡੱਚ ਸਰਕਾਰ, ਡੱਚ ਸੰਸਥਾਵਾਂ ਸੋਲੀਡੇਰੀਡਾਡ, ਪੀ.ਯੂ.ਐਮ. (ਵੀ.ਐਨ.ਓ-ਐਨ.ਸੀ.ਡਬਲਯੂ. ਅਤੇ ਨੀਦਰਲੈਂਡਜ਼ ਦੇ ਵਿਦੇਸ਼ ਮੰਤਰਾਲੇ ਦੁਆਰਾ ਸਥਾਪਿਤ ਕੀਤੀ ਗਈ ਇੱਕ ਸੰਸਥਾ) ਦੇ ਸਹਿਯੋਗ ਨਾਲ ਲੁਧਿਆਣਾ ਵਿੱਚ ਟੈਕਸਟਾਈਲ ਫਿਨਿਸ਼ਿੰਗ ਕਲੱਸਟਰ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਫੂਡ ਪ੍ਰੋਸੈਸਿੰਗ, ਲੌਜਿਸਟਿਕਸ, ਅਲੌਇਸ ਅਤੇ ਸਟੀਲਜ਼, ਫਾਰਮਾਸਿਊਟੀਕਲ ਅਤੇ ਸੂਚਨਾ ਤਕਨਾਲੋਜੀ ਵਰਗੇ ਕਈ ਹੋਰ ਖੇਤਰਾਂ ਵਿੱਚ ਨਿਵੇਸ਼ ਦੀ ਵਡੇਰੀ ਸੰਭਾਵਨਾ ਮੌਜੂਦ ਹੈ।

ਕਨੇਡਾ ਦੀ ਹੱਡ ਚੀਰਵੀ ਠੰਡ 'ਚ ਬੇਘਰਿਆਂ ਦੀ ਮੱਦਦ ਕਰ ਰਿਹਾ ਹੈ ਸਿੱਖ ਨੌਜਵਾਨ

ਪੰਜਾਬ ਸਟਾਰ ਬਿਊਰੋ

ਕੈਨੇਡਾ ਵਿਚ ਇਸ ਸਮੇਂ ਹੱਡ ਚੀਰਵੀਂ ਠੰਡ ਪੈ ਰਹੀ ਹੈ। ਇਸ ਦੌਰਾਨ ਪੰਜਾਬੀ ਮੂਲ ਦਾ ਇਕ ਸਿੱਖ ਡਰਾਈਵਰ ਦੇਸ਼ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਘੱਟ-ਜ਼ੀਰੋ ਤਾਪਮਾਨ ਵਿੱਚ ਪਨਾਹ ਦੀ ਭਾਲ ਕਰ ਰਹੇ ਲੋਕਾਂ ਨੂੰ ਮਹੱਤਵਪੂਰਨ ਸ਼ਟਲ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਐਂਗੇਜਡ ਕਮਿਊਨਿਟੀਜ਼ ਕੈਨੇਡਾ ਸੋਸਾਇਟੀ ਦੇ ਕਾਰਜਕਾਰੀ ਨਿਰਦੇਸ਼ਕ ਉਪਕਾਰ ਸਿੰਘ ਤਤਲੇ ਸਵੇਰ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਕਮਿਊਨਿਟੀ ਮੈਂਬਰਾਂ ਜਿਨ੍ਹਾਂ ਦਾ ਆਪਣਾ ਘਰ ਨਹੀਂ ਹੈ, ਨੂੰ ਇੱਕ ਚਿੱਟੀ ਮਲਟੀ-ਪੈਸੇਂਜਰ ਵੈਨ ਵਿੱਚ ਵਾਰਮਿੰਗ ਸੈਂਟਰ ਵਿੱਚ ਲਿਜਾਂਦਾ ਹੈ। ਤਤਲੇ ਜੋ ਨਵੰਬਰ ਦੇ ਅੰਤ ਤੋਂ ਮਾਰਚ ਤੱਕ ਲੋਕਾਂ ਨੂੰ ਲਿਜਾਣ ਲਈ ਕਈ ਯਾਤਰਾਵਾਂ ਕਰਦੇ ਹਨ ਨੇ ਦੱਸਿਆ ਹੈ ਕਿ "ਇੱਥੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ"। ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਕੜਾਕੇ ਦੀ ਠੰਡ ਜਾਨਲੇਵਾ ਹੋ ਸਕਦੀ ਹੈ, ਤਤਲੇ ਸਰੀ ਦੇ ਇੱਕ ਨਾਈਟ ਸ਼ੈਲਟਰ ਤੋਂ ਬੇਘਰੇ ਲੋਕਾਂ ਨੂੰ ਵਾਈਟ ਰੌਕ ਦੇ ਗੁਆਂਢੀ ਸ਼ਹਿਰ ਵਿੱਚ ਸੋਸਾਇਟੀ ਦੇ ਡੇਟਾਈਮ ਵਾਰਮਿੰਗ ਸੈਂਟਰ ਵਿੱਚ ਛੱਡਣ ਜਾਂਦੇ ਹਨ।

ਕਨੇਡੀਅਨ ਬਾਰਡਰ ਅਫਸਰ ਅਮਰੀਕਾ ਦੀ ਧਰਤੀ 'ਤੇ ਤੈਨਾਤ ਹੋਣਗੇ!

ਕਨੇਡੀਅਨ ਬਾਰਡਰ ਅਫਸਰਾਂ ਨੂੰ ਅਮਰੀਕਾ ਦੀ ਧਰਤੀ 'ਤੇ ਤੈਨਾਤ ਕੀਤਾ ਜਾ ਰਿਹਾ ਹੈ ਜਦਕਿ ਅਮਰੀਕਾ ਦੇ ਬਾਰਡਰ ਅਫਸਰ ਕੈਨੇਡੀਅਨ ਬਾਰਡਰ ਪੋਸਟਾਂ 'ਤੇ ਨਜ਼ਰ ਆਉਣਗੇ। ਕੈਨੇਡੀਅਨ ਬਾਰਡਰ ਅਫਸਰਾਂ ਦੀ ਯੂਨੀਅਨ ਦੇ ਪ੍ਰਧਾਨ ਮਾਰਕ ਵੈਬਰ ਨੇ ਦੱਸਿਆ ਕਿ ਇਸ ਤਰੀਕੇ ਨਾਲ ਦੋਹਾਂ ਮੁਲਕਾਂ ਫਾਇਦਾ ਹੋਵੇਗਾ। ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕਿਊਬੈਕ ਅਤੇ ਨਿਊ ਯਾਰਕ ਨੂੰ ਜੋੜਨ ਵਾਲੇ ਛੋਟੇ ਜਿਹੇ ਸਰਹੱਦੀ ਲਾਂਘੇ ਤੋਂ ਕੀਤੀ ਜਾ ਰਹੀ ਹੈ। ਇਹ ਲਾਂਘਾ ਸਵੇਰੇ ਅੱਠ ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹਦਾ ਹੈ ਅਤੇ ਇਥੋਂ ਰੋਜ਼ਾਨਾ ਸਿਰਫ 12 ਤੋਂ 40 ਗੱਡੀਆਂ ਹੀ ਲੰਘਦੀਆਂ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਿਚ ਟਰੈਵਲਰ ਸਰਵਿਸਿਜ਼ ਇਕਾਈ ਦੇ ਵਾਇਸ ਪ੍ਰੈਜ਼ੀਡੈਂਟ ਡੈਨਿਸ ਵਿਨੈਟ ਨੇ ਕਿਹਾ ਕਿਹਾ ਕਿ ਪਿਛਲੇ ਕਈ ਵਰ੍ਹਿਆਂ ਤੋਂ ਅਮਰੀਕਾ ਨਾਲ ਗੱਲਬਾਤ ਚੱਲ ਰਹੀ ਸੀ। ਦੂਜੇ ਪਾਸੇ ਇੰਮੀਗ੍ਰੇਸ਼ਨ ਵਕੀਲਾਂ ਵੱਲੋਂ ਇਸ ਕਦਮ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ। ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਇੰਮੀਗ੍ਰੇਸ਼ਨ ਕਾਨੂੰਨ ਇਕਾਈ ਦੇ ਮੈਂਬਰਾਂ ਰੌਬਰਟ ਬਲੈਨਸ਼ੇ ਨੇ ਸਵਾਲ ਉਠਾਇਆ ਕਿ ਕੀ ਅਮਰੀਕਾ ਦੀ ਧਰਤੀ 'ਤੇ ਮੁਸਾਫਰਾਂ ਨੂੰ ਕੈਨੇਡੀਅਨ ਅਫਸਰਾਂ ਵੱਲੋਂ ਰੋਕੇ ਜਾਣ ਵੇਲੇ ਕੈਨੇਡੀਅਨ ਚਾਰਟਰ ਆਫ ਰਾਈਟਸ ਲਾਗੂ ਹੋਵੇਗਾ?

ਕੈਲਗਰੀ ਦੇ ਸਾਬਤ ਸੂਰਤ ਗੁਰਸਿੱਖ ਵਿਧਾਇਕ ਸ: ਪਰਮੀਤ ਸਿੰਘ ਬੋਪਾਰਾਏ ਸਪੁੱਤਰ ਅਨਹਦ ਸਿੰਘ ਨਾਲ ਆਪਣੇ ਸਕੂਲ ਪਧਾਰੇ, ਹੋਇਆ ਭਰਵਾਂ ਸੁਆਗਤ

ਫਖਰ ਨਾਲ ਕਿਹਾ- ਆਪਣੀ ਬੋਲੀ, ਆਪਣਾ ਪਹਿਰਾਵਾ, ਆਪਣਾ ਸੱਭਿਆਚਾਰ ਸਫ਼ਲ ਜੀਵਨ ਦੇ ਰਾਸਤੇ ਵਾਲ

ਨਿਊਜ਼ੀਲੈਂਡ ਦੀ ਪਹਿਲੀ ਸ਼ਰਨਾਰਥੀ MP ਨੇ ਦਿੱਤਾ ਅਸਤੀਫ਼ਾ, ਲੱਗੇ ਸਨ ਚੋਰੀ ਦੇ ਦੋਸ਼

ਵੈਲਿੰਗਟਨ: ਨਿਊਜ਼ੀਲੈਂਡ ਦੀ ਸੰਸਦ ਲਈ ਚੁਣੀ ਗਈ ਪਹਿਲੀ ਸ਼ਰਨਾਰਥੀ ਮੰਤਰੀ ਨੇ ਦੁਕਾਨ ਵਿਚ ਚੋਰੀ ਕਰਨ ਦੇ ਦੋਸ਼ ਲੱਗਣ ਮਗਰੋਂ ਮੰਗਲਵਾਰ ਨੂੰ ਅਸਤੀਫ਼ਾ ਦੇ ਦਿੱਤਾ। ਇਸ ਬਾਰੇ ਉਸ ਨੇ ਦੱਸਿਆ ਕਿ ਇਹ ਫ਼ੈਸਲਾ ਨਿੱਜੀ ਤਣਾਅ ਅਤੇ ਸਦਮੇ ਨਾਲ ਸਬੰਧਤ ਸੀ। ਕੇਂਦਰ-ਖੱਬੇ ਗ੍ਰੀਨ ਪਾਰਟੀ ਦੀ ਸੰਸਦ ਮੈਂਬਰ ਅਤੇ ਇਸ ਦੀ ਜਸਟਿਸ ਦੀ ਬੁਲਾਰਨ ਗੋਲਰਿਜ਼ ਘਹਰਾਮਨ 'ਤੇ ਕੱਪੜਿਆਂ ਦੀਆਂ ਬੁਟੀਕ ਵਾਲੀਆਂ ਦੁਕਾਨਾਂ ਤੋਂ ਚੋਰੀ ਦੇ ਤਿੰਨ ਦੋਸ਼ ਲੱਗੇ ਸਨ। ਪੁਲਸ ਦੁਆਰਾ ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸੰਸਦ ਮੈਂਬਰ, ਇੱਕ ਸਾਬਕਾ ਮਨੁੱਖੀ ਅਧਿਕਾਰ ਵਕੀਲ ਨੇ ਕਿਹਾ ਕਿ ਉਸ ਦੀਆਂ ਕਾਰਵਾਈਆਂ *ਇੱਕ ਅਜਿਹਾ ਵਿਵਹਾਰ ਨਹੀਂ ਸੀ, ਜਿਸਦੀ ਮੈਂ ਵਿਆਖਿਆ ਕਰ ਸਕਦਾ ਹਾਂ*। ਘਹਰਾਮਨ ਨੇ ਸਵੀਕਾਰ ਕੀਤਾ ਕਿ ਉਹ ਸਿਆਸਤਦਾਨਾਂ ਤੋਂ ਉਮੀਦ ਕੀਤੇ ਮਾਪਦੰਡਾਂ 'ਤੇ ਖਰੀ ਨਹੀਂ ਉਤਰੀ ਹੈ ਅਤੇ ਉਸ ਨੂੰ ਆਪਣੀ ਮਾਨਸਿਕ ਸਿਹਤ 'ਤੇ ਧਿਆਨ ਦੇਣ ਲਈ ਸਮੇਂ ਦੀ ਲੋੜ ਸੀ।

ਈਰਾਨ ਵਿੱਚ ਜਨਮੀ 42 ਸਾਲਾ ਘਹਰਾਮਨ ਆਪਣੇ ਪਰਿਵਾਰ ਨਾਲ ਬਚਪਨ ਵਿੱਚ ਹੀ ਨਿਊਜ਼ੀਲੈਂਡ ਚਲੀ ਗਈ ਸੀ ਜਦੋਂ ਉਨ੍ਹਾਂ ਨੂੰ ਸ਼ਰਨਾਰਥੀਆਂ ਵਜੋਂ ਰਾਜਨੀਤਕ ਸ਼ਰਣ ਦਿੱਤੀ ਗਈ ਸੀ। ਕਾਨੂੰਨ ਦੀ ਪੜ੍ਹਾਈ ਕਰਨ ਤੋਂ ਬਾਅਦ ਉਹ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਵਕੀਲ ਬਣ ਗਈ ਅਤੇ 2017 ਵਿੱਚ ਸੰਸਦ ਵਿੱਚ ਦਾਖਲ ਹੋਣ ਤੋਂ ਪਹਿਲਾਂ ਅੰਤਰਰਾਸ਼ਟਰੀ ਅਪਰਾਧਿਕ ਟ੍ਰਿਬਿਊਨਲ ਵਿੱਚ ਕੰਮ ਕੀਤਾ। ਚੋਰੀ ਦੇ ਇਲਜ਼ਾਮਾਂ ਵਿਚ ਆਕਲੈਂਡ ਦੇ ਲਗਜ਼ਰੀ ਕੱਪੜਿਆਂ ਦੀ ਦੁਕਾਨ 'ਤੇ ਦੋ ਕਥਿਤ ਘਟਨਾਵਾਂ ਅਤੇ ਵੈਲਿੰਗਟਨ ਦੇ ਉੱਚ ਪੱਧਰੀ ਕੱਪੜਿਆਂ ਦੇ ਰਿਟੇਲਰ 'ਤੇ 2023 ਦੇ ਅਖੀਰ ਵਿੱਚ ਵਾਪਰੀਆਂ ਘਟਨਾਵਾਂ ਸ਼ਾਮਲ ਹਨ।

ਪਿਛਲੇ ਹਫ਼ਤੇ ਗ੍ਰੀਨਜ਼ ਨੇ ਘੋਸ਼ਣਾ ਕੀਤੀ ਸੀ ਕਿ ਘਹਰਾਮਨ ਨੇ ਪੁਲਸ ਦੀ ਜਾਂਚ ਜਾਰੀ ਹੋਣ ਦੌਰਾਨ ਆਪਣੇ ਪੋਰਟਫੋਲੀਓ ਦੀਆਂ ਜ਼ਿੰਮੇਵਾਰੀਆਂ ਤੋਂ ਅਸਤੀਫਾ ਦੇ ਦਿੱਤਾ ਹੈ। ਦੋਸ਼ਾਂ ਦੇ ਜਨਤਕ ਹੋਣ ਤੋਂ ਪਹਿਲਾਂ ਘਹਰਾਮਨ ਦੀ ਫਿਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਵਿੱਚ ਉਸਦੀ ਪ੍ਰਮੁੱਖ ਸ਼ਮੂਲੀਅਤ ਲਈ ਆਲੋਚਨਾ ਕੀਤੀ ਗਈ ਸੀ। ਗ੍ਰੀਨ ਪਾਰਟੀ ਦੇ ਸਹਿ-ਨੇਤਾ ਜੇਮਸ ਸ਼ਾਅ ਨੇ ਕਿਹਾ ਕਿ ਉਸ ਸਮੇਂ ਦੌਰਾਨ ਸੰਸਦ ਮੈਂਬਰ 'ਤੇ ਦਬਾਅ ਵਧਿਆ ਸੀ। ਸ਼ਾਅ ਨੇ ਪੱਤਰਕਾਰਾਂ ਨੂੰ ਕਿਹਾ, *ਘਹਰਾਮਨ ਖੁਦ ਚੁਣੇ ਜਾਣ ਦੇ ਦਿਨ ਤੋਂ ਹੀ ਲਗਾਤਾਰ ਜਿਨਸੀ ਹਿੰਸਾ, ਸਰੀਰਕ ਹਿੰਸਾ, ਜਾਨ ਤੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰ ਰਹੀ ਹੈ।*

ਆਇਓਵਾ ਕਾਕਸ 'ਚ ਟਰੰਪ ਦੀ ਜਿੱਤ

ਡੇਸ ਮੋਇਨੇਸ , ਆਇਓਵਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਇਓਵਾ ਕਾਕਸ 'ਚ ਜਿੱਤ ਦਰਜ ਕਰ ਲਈ ਹੈ, ਜਿਸ ਨਾਲ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਦੀ ਚੋਣ ਕਰਨ ਦੀ ਲੰਬੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਆਇਓਵਾ ਕਾਕਸ ਵਿੱਚ, ਫਲੋਰਿਡਾ ਦੀ ਗਵਰਨਰ ਆਰ. ਡੀਸੈਂਟਿਸ ਤੇ ਪਾਰਟੀ ਦੀ ਉਮੀਦਵਾਰ ਬਣਨ ਦੌੜ ਵਿਚ ਸ਼ਾਮਲ ਇਕਲੌਤੀ ਮਹਿਲਾ ਤੇ ਸੰਯੁਕਤ ਰਾਸ਼ਟਰ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਤੀਜੇ ਸਥਾਨ 'ਤੇ ਰਹੀ।

ਆਇਓਵਾ ਕਾਕਸ ਤੋਂ ਬਾਅਦ ਹੁਣ ਨਿਊ ਹੈਂਪਸ਼ਾਇਰ 'ਚ 23 ਜਨਵਰੀ ਨੂੰ ਦਾਅਵੇਦਾਰਾਂ ਵਿਚਾਲੇ ਮੁਕਾਬਲਾ ਹੋਵੇਗਾ। ਆਯੋਵਾ ਕਾਕਸ 'ਚ ਟਰੰਪ ਨੂੰ 51 ਫੀਸਦੀ, ਡੀਸੈਂਟਿਸ ਨੂੰ 21.2 ਫੀਸਦੀ ਅਤੇ ਹੇਲੀ ਨੂੰ 19.1 ਫੀਸਦੀ ਵੋਟਾਂ ਮਿਲੀਆਂ ਹਨ। ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਸਿਰਫ 7.7 ਫੀਸਦੀ ਵੋਟਾਂ ਮਿਲੀਆਂ। ਰਾਮਾਸਵਾਮੀ ਨੇ ਸੋਮਵਾਰ ਨੂੰ ਘੋਸ਼ਣਾ ਕੀਤੀ ਕਿ ਉਹ ਆਇਓਵਾ ਕਾਕਸ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਾਸ਼ਟਰਪਤੀ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਣਨ ਦੀ ਦੌੜ ਤੋਂ ਪਿੱਛੇ ਹਟ ਰਹੇ ਹਨ।

ਵਿਦੇਸ਼ ਦੇ ਕ੍ਰੇਜ਼ ਕਾਰਨ ਪੰਜਾਬੀਆਂ ਦੇ ਸਿਰ ਚੜ੍ਹਿਆ 14 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ !

ਜਲੰਧਰ : ਪੰਜਾਬ ਦੇ ਲੋਕਾਂ ਵਿਚ ਵਿਦੇਸ਼ ਜਾਣ ਦਾ ਜਨੂੰਨ ਅਜਿਹਾ ਹੈ ਕਿ ਮੌਜੂਦਾ ਸਮੇਂ ਸੂਬੇ ਦੇ 13.34 ਫੀਸਦੀ ਦਿਹਾਤੀ ਪਰਿਵਾਰਾਂ 'ਚੋ ਘੱਟੋ-ਘੱਟ ਇਕ ਮੈਂਬਰ ਵਿਦੇਸ਼ ਵਿਚ ਜਾ ਕੇ ਵੱਸਿਆ ਹੋਇਆ ਹੈ। ਇਕ ਅਧਿਐਨ ਮੁਤਾਬਕ ਲਗਭਗ 56 ਫੀਸਦੀ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ 14 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਕਮ ਉਧਾਰ ਲਈ ਹੈ। ਅਧਿਐਨ ਮੁਤਾਬਕ 19.38 ਫੀਸਦੀ ਪ੍ਰਵਾਸੀ ਅਜਿਹੇ ਹਨ ਜਿਨ੍ਹਾਂ ਨੇ 5639 ਕਰੋੜ ਰੁਪਏ ਦੀ ਜਾਇਦਾਦ ਵੇਚ ਦਿੱਤੀ ਹੈ। ਮੁਲਾਂਕਣ ਦੇ ਅਨੁਸਾਰ ਇਸ 'ਚ ਜ਼ਮੀਨ, ਪਲਾਟ/ਘਰ, ਸੋਨੇ ਦੇ ਗਹਿਣੇ, ਕਾਰ ਅਤੇ ਟਰੈਕਟਰ ਸ਼ਾਮਲ ਹਨ। ਜ਼ਿਆਦਾਤਰ ਅਨੁਸੂਚਿਤ ਜਾਤੀ, ਘੱਟ ਆਮਦਨੀ ਵਾਲੇ, ਬੇਜ਼ਮੀਨੇ ਅਤੇ ਮਜ਼ਦੂਰ ਪ੍ਰਵਾਸੀ ਪਰਿਵਾਰਾਂ ਨੇ ਪ੍ਰਵਾਸ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਘਰ ਅਤੇ ਸੋਨੇ ਦੇ ਗਹਿਣੇ ਵੇਚ ਦਿੱਤੇ।

ਇਕ ਪਰਿਵਾਰ ' ਤੇ ਔਸਤਨ ਉਧਾਰ 3.13 ਲੱਖ ਰੁਪਏ

ਪ੍ਰਵਾਸੀ ਪਰਿਵਾਰਾਂ ਵੱਲੋਂ ਉਧਾਰ ਲਈ ਗਈ ਔਸਤ ਰਕਮ 3.13 ਲੱਖ ਰੁਪਏ ਪ੍ਰਤੀ ਪਰਿਵਾਰ ਸੀ। ਪ੍ਰਤੀ ਪ੍ਰਵਾਸੀ ਪਰਿਵਾਰ ਦੇ ਕੁੱਲ ਉਧਾਰ ਵਿਚੋਂ, ਗੈਰ-ਸੰਸਥਾਗਤ ਫੰਡ 38.8 ਪ੍ਰਤੀਸ਼ਤ ਅਤੇ ਸੰਸਥਾਗਤ ਫੰਡ 61.2 ਪ੍ਰਤੀਸ਼ਤ ਬਣਦੇ ਹਨ। ਰਾਜ ਪੱਧਰ 'ਤੇ ਲੋਕਾਂ ਨੇ ਵਿਦੇਸ਼ ਜਾਣ ਲਈ ਕਰੀਬ 14,342 ਕਰੋੜ ਰੁਪਏ ਉਧਾਰ ਲਏ ਹਨ ।

74 ਫੀਸਦੀ ਲੋਕਾਂ ਨੇ 2016 ਤੋਂ ਬਾਅਦ ਕੀਤਾ ਪ੍ਰਵਾਸ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ ਦੇ ਇਕ ਅਧਿਐਨ ਅਨੁਸਾਰ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਵਿੱਚੋਂ 74 ਫੀਸਦੀ 2016 ਤੋਂ ਬਾਅਦ ਸੂਬੇ ਤੋਂ ਪ੍ਰਵਾਸ ਕੀਤਾ ਹੈ। ਇਹ ਅਧਿਐਨ ਪ੍ਰੋਫੈਸਰ ਸ਼ਾਲਿਨੀ ਸ਼ਰਮਾ, ਪ੍ਰੋਫੈਸਰ ਮਨਜੀਤ ਕੌਰ ਅਤੇ ਸਹਾਇਕ ਪ੍ਰੋਫੈਸਰ ਅਮਿਤ ਗੁਲੇਰੀਆ ਨੇ ਕੀਤਾ ਹੈ। ਹੁਣ ਤਾਂ ਮਜ਼ਦੂਰ ਵਰਗ ਦੇ ਬਹੁਤੇ ਲੋਕ ਵੀ ਵਿਦੇਸ਼ ਜਾਣ ਲਈ ਆਪਣੇ ਘਰ, ਜਾਇਦਾਦ, ਸੋਨਾ ਅਤੇ ਟਰੈਕਟਰ ਤੱਕ ਵੇਚ ਰਹੇ ਹਨ।

ਇਸ ਅਧਿਐਨ ਲਈ ਮੁੱਢਲੇ ਅੰਕੜਿਆਂ ਦੇ ਆਧਾਰ 'ਤੇ 22 ਜ਼ਿਲ੍ਹਿਆਂ ਦੇ 44 ਪਿੰਡਾਂ ਦੇ 9492 ਪਰਿਵਾਰਾਂ ਦੇ ਕੁੱਲ 640 ਪ੍ਰਵਾਸੀ ਅਤੇ 660 ਗੈਰ-ਪ੍ਰਵਾਸੀ ਪਰਿਵਾਰਾਂ ਦੀ ਇੰਟਰਵਿਊ ਕੀਤੀ ਗਈ। ਮਾਈਗ੍ਰੇਸ਼ਨ ਡਾਟਾ ਦਾ ਵਿਸ਼ਲੇਸ਼ਣ 1990 ਤੋਂ ਸਤੰਬਰ 2022 ਦਰਮਿਆਨ ਹੋਏ ਮਾਈਗ੍ਰੇਸ਼ਨ ਦੇ ਆਧਾਰ 'ਤੇ ਕੀਤਾ ਗਿਆ ਹੈ।

ਅਧਿਐਨ ਪ੍ਰਵਾਸ ਦੇ ਇਨ੍ਹਾਂ ਕਾਰਨਾਂ ਦੀ ਵੀ ਪੜਤਾਲ ਕਰਦਾ ਹੈ। ਅਧਿਐਨ ਵਿਚ ਲਗਭਗ ਤਿੰਨ-ਚੌਥਾਈ ਪ੍ਰਵਾਸੀ ਪਰਿਵਾਰਾਂ ਨੇ ਪ੍ਰਵਾਸ ਦਾ ਮੂਲ ਕਾਰਨ ਘੱਟ ਰੁਜ਼ਗਾਰ ਅਤੇ ਘੱਟ ਆਮਦਨੀ ਵਰਗੇ ਮੁੱਦਿਆਂ ਨੂੰ ਗਿਣਵਾਇਆ। ਇਸ ਤੋਂ ਇਲਾਵਾ 62 ਫ਼ੀਸਦੀ ਨੇ ਸਿਸਟਮ ਵਿਚ ਖ਼ਰਾਬੀ ਅਤੇ 53 ਫ਼ੀਸਦੀ ਨੇ ਨਸ਼ਾਖੋਰੀ ਅਤੇ ਹੋਰ ਗ਼ੈਰ-ਆਰਥਿਕ ਕਾਰਨਾਂ ਨੂੰ ਪ੍ਰਵਾਸ ਦਾ ਕਾਰਨ ਦੱਸਿਆ ਹੈ।

ਅਧਿਐਨ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਦੁਆਬੇ ਦੇ ਬੇਜ਼ਮੀਨੇ, ਘੱਟ ਪੜ੍ਹੇ ਲਿਖੇ ਅਤੇ ਅਨੁਸੂਚਿਤ ਜਾਤੀ ਦੇ ਲੋਕ ਵਰਕ ਵੀਜ਼ੇ 'ਤੇ ਯੂ.ਏ.ਈ. ਜਾਂਦੇ ਹਨ, ਜਦੋਂ ਕਿ ਮਾਝੇ ਅਤੇ ਮਾਲਵੇ ਦੇ ਸਾਰੇ ਖੇਤੀ ਆਕਾਰ ਸ਼੍ਰੇਣੀ ਦੇ ਪਰਿਵਾਰਾਂ ਦੇ ਨੌਜਵਾਨ ਪੜ੍ਹਾਈ ਲਈ ਕੈਨੇਡਾ ਅਤੇ ਆਸਟ੍ਰੇਲੀਆ ਜਾਂਦੇ ਹਨ। ਇਹ ਖਾਸ ਕਰਕੇ ਜੱਟ ਅਤੇ ਸਿੱਖ ਨੌਜਵਾਨਾਂ ਦਾ ਸੁਪਨਾ ਹੈ। ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਵਾਲੀਆਂ ਲੜਕੀਆਂ ਦੀ ਗਿਣਤੀ 65 ਫੀਸਦੀ ਹੈ, ਜਦੋਂ ਕਿ ਲੜਕਿਆਂ ਦੀ ਗਿਣਤੀ ਸਿਰਫ 35 ਫੀਸਦੀ ਹੈ।

ਅਧਿਐਨ ਵਿਚ ਅਨੁਮਾਨ ਲਗਾਇਆ ਹੈ ਕਿ ਇਸ ਪ੍ਰਵਾਸ ਨੂੰ ਰੋਕਣ ਲਈ ਹੁਨਰ ਵਿਕਾਸ, ਉੱਦਮਤਾ ਅਤੇ ਕਿੱਤਾਮੁਖੀ ਸਿਖਲਾਈ ਰਾਹੀਂ ਰੁਜ਼ਗਾਰ ਪੈਦਾ ਕਰਨ ਅਤੇ ਮਨੁੱਖੀ ਪੂੰਜੀ ਵਿਚ ਨਿਵੇਸ਼ ਕਰਨ ਦੀ ਫੌਰੀ ਲੋੜ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਗੈਰ-ਵਿਹਾਰਕ ਅਤੇ ਆਰਥਿਕ ਤੌਰ 'ਤੇ ਸੁਸਤ ਖੇਤੀ ਸੈਕਟਰ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ ਜੋ ਕਿ ਸਰਕਾਰੀ ਦਖਲ ਅਤੇ ਸਹਾਇਤਾ ਤੋਂ ਬਿਨਾਂ ਸੰਭਵ ਨਹੀਂ । ਇਕ ਅੰਦਾਜ਼ੇ ਅਨੁਸਾਰ ਹਰ ਸਾਲ ਪੰਜਾਬ ਵਿੱਚੋਂ 27 ਹਜ਼ਾਰ ਕਰੋੜ ਰੁਪਏ ਬੱਚਿਆਂ ਨੂੰ ਵਿਦੇਸ਼ ਭੇਜਣ ਅਤੇ ਪੜ੍ਹਾਉਣ ਲਈ ਖਰਚ ਕੀਤੇ ਜਾ ਰਹੇ ਹਨ। ਹਰ ਸਾਲ ਲਗਭਗ 1.25 ਲੱਖ ਨੌਜਵਾਨ ਵਿਦੇਸ਼ ਜਾ ਰਹੇ ਹਨ। ਜਿਨ੍ਹਾਂ ਵਿਚੋਂ 1 ਲੱਖ ਕੈਨੇਡਾ ਅਤੇ 25 ਹਜ਼ਾਰ ਦੇ ਕਰੀਬ ਅਮਰੀਕਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦਾ ਰੁਖ ਹਨ।

ਅਮਰੀਕਾ ਜਾ ਰਹੇ ਜਹਾਜ਼ 'ਚ ਯਾਤਰੀ ਨੇ ਅਮਲਾ ਮੈਂਬਰ ਨੂੰ ਦੰਦਾਂ ਨਾਲ ਵੱਢਿਆ

ਉਡਾਣ ਟੋਕੀਓ ਪਰਤਣ 'ਤੇ ਮੁਲਜ਼ਮ ਗ੍ਰਿਫ਼ਤਾਰ

ਅਮਰੀਕੀ ਸ਼ਹਿਰ ਸਿਆਟਲ ਜਾਣ ਵਾਲੀ ਜਾਪਾਨ ਦੀ ਆਲ ਨਿਪੋਨ ਏਅਰਵੇਜ਼ ਦੀ ਉਡਾਣ ਅੱਜ ਟੋਕੀਓ ਦੇ ਹਨੇਦਾ ਹਵਾਈ ਅੱਡੇ 'ਤੇ ਉਦੋਂ ਪਰਤ ਗਈ, ਜਦੋਂ ਯਾਤਰੀ ਨੇ ਜਹਾਜ਼ ਅਮਲੇ ਦੀ ਬਾਂਹ ਨੂੰ ਦੰਦਾਂ ਨਾਲ ਵੱਢ ਲਿਆ। 55 ਸਾਲਾ ਵਿਅਕਤੀ, ਜਿਸ ਨੂੰ ਅਮਰੀਕੀ ਨਾਗਰਿਕ ਮੰਨਿਆ ਜਾਂਦਾ ਹੈ, ਨੂੰ ਟੋਕੀਓ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਇਹ ਘਟਨਾ ਮੰਗਲਵਾਰ ਰਾਤ ਨੂੰ ਵਾਪਰੀ ਜਦੋਂ ਯਾਤਰੀ ਜਹਾਜ਼ ਉੱਡ ਰਿਹਾ ਸੀ। ਦੰਦਾਂ ਨਾਲ ਵੱਢਣ ਦੇ ਕਾਰਨ ਦਾ ਹਾਲੇ ਪਤਾ ਨਹੀਂ ਲੱਗਿਆ।

ਉਪ ਰਾਸ਼ਟਰਪਤੀ ਬਣਨ 'ਚ ਕੋਈ ਦਿਲਚਸਪੀ ਨਹੀਂ: ਨਿੱਕੀ ਹੇਲੀ

ਵਾਸ਼ਿੰਗਟਨ : ਭਾਰਤੀ-ਅਮਰੀਕੀ ਤੇ ਸੀਨੀਅਰ ਰਿਪਬਲਿਕਨ ਪਾਰਟੀ ਆਗੂ ਨਿੱਕੀ ਹੇਲੀ ਨੇ ਅੱਜ ਕਿਹਾ ਕਿ ਉਸ ਦੀ ਉਪ ਰਾਸ਼ਟਰਪਤੀ ਬਣਨ 'ਚ ਕੋਈ ਦਿਲਚਸਪੀ ਨਹੀਂ ਹੈ। ਜ਼ਿਕਰਯੋਗ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਉਮੀਦਵਾਰ ਦੀ ਦੌੜ ਵਿਚ ਉਹ ਇਕੋ-ਇਕ ਔਰਤ ਹੈ। ਹੇਲੀ ਨੇ ਕਿਹਾ ਕਿ ਉਹ ਅਗਲੀ ਅਮਰੀਕੀ ਰਾਸ਼ਟਰਪਤੀ ਬਣਨ ਲਈ ਮੁਹਿੰਮ ਚਲਾ ਰਹੀ ਹੈ ਤੇ 'ਜਿੱਤਣ ਲਈ ਲੜ ਰਹੀ ਹੈ।' ਹੇਲੀ ਦੀਆਂ ਇਹ ਟਿੱਪਣੀਆਂ ਆਇਓਵਾ ਕਾਕਸ ਤੋਂ ਪਹਿਲਾਂ ਆਈਆਂ ਹਨ ਜਿੱਥੋਂ ਅੱਜ ਤੋਂ ਰਿਪਬਲਿਕਨਾਂ ਤੇ ਡੈਮੋਕਰੈਟਾਂ ਨੇ ਆਪੋ-ਆਪਣੇ ਉਮੀਦਵਾਰ ਚੁਣਨ ਦੀ ਲੰਮੀ ਪ੍ਰਕਿਰਿਆ ਆਰੰਭ ਦਿੱਤੀ ਹੈ। ਰਾਸ਼ਟਰਪਤੀ ਚੋਣਾਂ ਇਸ ਸਾਲ 5 ਨਵੰਬਰ ਨੂੰ ਹੋਣਗੀਆਂ। ਗੌਰਤਲਬ ਹੈ ਕਿ ਨਿਕੀ ਹੇਲੀ ਸਾਊਥ ਕੈਰੋਲੀਨਾ ਦੀ ਗਵਰਨਰ ਰਹਿ ਚੁੱਕੀ ਹੈ। ਰਿਪਬਲਿਕਨਾਂ ਨੇ ਆਇਓਵਾ ਕਾਕਸ ਤੋਂ ਨਵੰਬਰ 2024 ਦੀਆਂ ਚੋਣਾਂ ਲਈ ਉਮੀਦਵਾਰ ਚੁਣਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿੱਥੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ ਹੇਲੀ ਉਤੇ ਲੀਡ ਬਣਾਈ ਹੋਈ ਹੈ। ਸਰਵੇਖਣ ਮੁਤਾਬਕ ਕਾਕਸ ਵਿਚ ਸ਼ਾਮਲ ਕਰੀਬ 48 ਪ੍ਰਤੀਸ਼ਤ ਰਿਪਬਲਿਕਨ ਟਰੰਪ ਨੂੰ ਉਮੀਦਵਾਰ ਚੁਣਨਗੇ।

ਰਨਵੇ ਨੇੜੇ ਖਾਣਾ ਖਾਣ ਦਾ ਮਾਮਲਾ : ਡੀ.ਜੀ.ਸੀ.ਏ. ਨੇ ਇੰਡੀਗੋ 'ਤੇ 1.20 ਕਰੋੜ ਰੁਪਏ ਦਾ ਜੁਰਮਾਨਾ ਲਾਇਆ

ਮੁੰਬਈ: ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਨੇ ਮੁੰਬਈ ਹਵਾਈ ਅੱਡੇ 'ਤੇ ਰਨਵੇ ਨੇੜੇ ਕਥਿਤ ਤੌਰ 'ਤੇ ਖਾਣਾ ਖਾਣ ਦੀ ਘਟਨਾ ਲਈ ਇੰਡੀਗੋ 'ਤੇ 1.20 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਸ ਤੋਂ ਇਲਾਵਾ ਰੈਗੂਲੇਟਰ ਬੀ.ਸੀ.ਏ.ਐਸ. ਨੇ ਮੁੰਬਈ ਏਅਰਪੋਰਟ ਆਪਰੇਟਰ ਮੁੰਬਈ ਇੰਟਰਨੈਸ਼ਨਲ ਏਅਰਪੋਰਟ ਲਿਮਿਟਡ (ਐਮ.ਆਈ.ਏ.ਐਲ.) ਨੂੰ ਰਨਵੇ ਦੇ ਨੇੜੇ ਮੁਸਾਫ਼ਰਾਂ ਦੇ ਖਾਣਾ ਖਾਣ ਦੀ ਘਟਨਾ ਲਈ ਐਮ.ਆਈ.ਏ.ਐਲ. 'ਤੇ 60 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ। ਜਦਕਿ ਹਵਾਬਾਜ਼ੀ ਰੈਗੂਲੇਟਰ ਡੀ.ਜੀ.ਸੀ.ਏ. ਨੇ ਰਨਵੇ ਦੇ ਨੇੜੇ ਕਥਿਤ ਤੌਰ 'ਤੇ ਭੋਜਨ ਖਾਣ ਲਈ ਮੁੰਬਈ ਹਵਾਈ ਅੱਡੇ ਦੇ ਸੰਚਾਲਕ ਐਮ.ਆਈ.ਐਲ. 'ਤੇ 30 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ।

ਮੁੰਬਈ: ਹਵਾਬਾਜ਼ੀ ਰੈਗੂਲੇਟਰ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਨੇ ਬੁਧਵਾਰ ਨੂੰ ਏਅਰ ਇੰਡੀਆ ਅਤੇ ਸਪਾਈਸ ਜੈੱਟ 'ਤੇ ਘੱਟ ਵਿਜ਼ੀਬਿਲਟੀ ਸਥਿਤੀਆਂ 'ਚ ਉਡਾਣਾਂ ਚਲਾਉਣ ਲਈ ਪਾਇਲਟਾਂ ਦੇ ਡਿਊਟੀ ਚਾਰਟ 'ਚ ਖਾਮੀਆਂ ਲਈ 30-30 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿਤੀ ।

ਉਨ੍ਹਾਂ ਕਿਹਾ ਕਿ ਦਸੰਬਰ 2023 ਲਈ ਨਿਰਧਾਰਤ ਉਡਾਣਾਂ ਦੇ ਸਬੰਧ 'ਚ ਏਅਰਲਾਈਨ ਵਲੋਂ ਸੌਂਪੇ ਗਏ ਉਡਾਣਾਂ 'ਚ ਦੇਰੀ, ਰੱਦ ਹੋਣ, ਡਾਇਵਰਜ਼ਨ ਨਾਲ ਜੁੜੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ, ਡੀ.ਜੀ.ਸੀ.ਏ. ਨੇ ਪਾਇਆ ਕਿ ਏਅਰ ਇੰਡੀਆ ਅਤੇ ਸਪਾਈਸਜੈੱਟ ਨੇ ''ਕੁੱਝ ਉਡਾਣਾਂ ਲਈ ਕੈਟ ਦੋ

ਅਮਰੀਕੀ ਰਾਸ਼ਟਰਪਤੀ ਚੋਣਾਂ :

ਰਾਮਾਸਵਾਮੀ ਵੱਲੋਂ ਦਾਅਵੇਦਾਰੀ ਵਾਪਸ ਲੈਣ ਦਾ ਐਲਾਨ

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਆਪਣੀ ਦਾਅਵੇਦਾਰੀ ਛੱਡ ਦਿੱਤੀ ਹੈ। ਰਾਮਾਸਵਾਮੀ ਨੇ ਡੋਨਾਲਡ ਟਰੰਪ ਦਾ ਸਮਰਥਨ ਕਰਨ ਦੀ ਗੱਲ ਕੀਤੀ ਹੈ। ਵਿਵੇਕ ਰਾਮਾਸਵਾਮੀ ਨੇ ਸੋਮਵਾਰ ਨੂੰ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਦਾ ਐਲਾਨ ਕੀਤਾ। ਇਸ ਦੌਰਾਨ ਰਾਮਾਸਵਾਮੀ ਨੇ ਕਿਹਾ ਕਿ ਹੁਣ ਮੇਰੇ ਲਈ ਕੋਈ ਰਸਤਾ ਨਹੀਂ ਬਚਿਆ ਹੈ। ਦਰਅਸਲ 15 ਜਨਵਰੀ ਨੂੰ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਲਈ ਪਹਿਲੀ ਕਾਕਸ ਦਾ ਆਯੋਜਨ ਕੀਤਾ ਗਿਆ ਸੀ। ਇਹ ਕਾਕਸ ਆਇਓਵਾ ਵਿਚ ਹੋਇਆ ਸੀ ਅਤੇ ਡੋਨਾਲਡ ਟਰੰਪ ਨੇ ਇਸ ਵਿਚ ਜਿੱਤ ਪ੍ਰਾਪਤ ਕੀਤੀ ਸੀ।

ਵਿਵੇਕ ਰਾਮਾਸਵਾਮੀ ਦੇ ਇਸ ਸਾਲ ਰਾਸ਼ਟਰਪਤੀ ਅਹੁਦੇ ਦੀ ਚੋਣ ਤੋਂ ਹਟਣ ਤੋਂ ਬਾਅਦ ਹੁਣ ਡੋਨਾਲਡ ਟਰੰਪ ਤੋਂ ਇਲਾਵਾ ਸਿਰਫ ਨਿੱਕੀ ਹੈਲੀ ਅਤੇ ਰੌਨ ਡੀਸੈਂਟਿਸ ਹੀ ਦੌੜ ਵਿਚ ਬਚੇ ਹਨ। ਵਿਵੇਕ ਰਾਮਾਸਵਾਮੀ ਇਨ੍ਹਾਂ ਤਿੰਨਾਂ ਤੋਂ ਪਛੜ ਰਹੇ ਸਨ ਅਤੇ ਹੁਣ ਆਇਓਵਾ ਕਾਕਸ ਦੇ ਨਤੀਜਿਆਂ ਵਿਚ ਪਛੜਨ ਤੋਂ ਬਾਅਦ ਵਿਵੇਕ ਰਾਮਾਸਵਾਮੀ ਨੇ ਆਪਣੀ ਉਮੀਦਵਾਰੀ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ।

ਵਿਵੇਕ ਰਾਮਾਸਵਾਮੀ ਅਮਰੀਕੀ ਰਾਜਨੀਤਿਕ ਦ੍ਰਿਸ਼ ਵਿਚ ਇੱਕ ਅਣਜਾਣ ਚਿਹਰਾ ਸੀ, ਪਰ ਫਰਵਰੀ 2023 ਵਿਚ ਆਪਣੀ ਉਮੀਦਵਾਰੀ ਦਾ ਐਲਾਨ ਕਰਨ ਤੋਂ ਬਾਅਦ ਵਿਵੇਕ ਰਾਮਾਸਵਾਮੀ ਨੇ ਰਿਪਬਲਿਕਨ ਵੋਟਰਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਰਾਮਾਸਵਾਮੀ ਇਮੀਗ੍ਰੇਸ਼ਨ ਬਾਰੇ ਆਪਣੇ ਸਖ਼ਤ ਵਿਚਾਰਾਂ ਅਤੇ ਅਮਰੀਕਾ ਫਸਟ ਨੀਤੀ ਕਾਰਨ ਥੋੜ੍ਹੇ ਸਮੇਂ ਵਿਚ ਹੀ ਵੋਟਰਾਂ ਵਿਚ ਬਹੁਤ ਮਸ਼ਹੂਰ ਹੋ ਗਏ। ਹਾਲਾਂਕਿ ਹੁਣ ਰਾਮਾਸਵਾਮੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਬੁਰੀ ਤਰ੍ਹਾਂ ਪਛੜ ਰਹੇ ਸਨ। ਰਾਮਾਸਵਾਮੀ ਆਇਓਵਾ ਕਾਕਸ 'ਚ ਵੀ ਚੌਥੇ ਸਥਾਨ 'ਤੇ ਰਹੇ ਅਤੇ ਉਨ੍ਹਾਂ ਨੂੰ ਸਿਰਫ 7.7 ਫੀਸਦੀ ਵੋਟਾਂ ਮਿਲੀਆਂ।

ਵਿਵੇਕ ਰਾਮਾਸਵਾਮੀ ਇੱਕ ਅਰਬਪਤੀ ਕਾਰੋਬਾਰੀ ਅਤੇ ਇੱਕ ਬਾਇਓਟੈਕ ਕੰਪਨੀ ਦੇ ਮੁਖੀ ਹਨ। ਰਾਮਾਸਵਾਮੀ ਦੇ ਮਾਤਾ-ਪਿਤਾ ਕੇਰਲ, ਭਾਰਤ ਦੇ ਵਸਨੀਕ ਸਨ, ਜੋ ਅਮਰੀਕਾ ਵਿਚ ਵਸ ਗਏ ਸਨ। ਰਾਮਾਸਵਾਮੀ ਦਾ ਜਨਮ ਅਮਰੀਕਾ ਦੇ ਓਹਾਇਓ ਰਾਜ ਵਿਚ ਹੋਇਆ ਸੀ। ਚੋਣ ਪ੍ਰਚਾਰ ਦੇ ਸ਼ੁਰੂਆਤੀ ਦੌਰ 'ਚ ਵਿਵੇਕ ਰਾਮਾਸਵਾਮੀ ਨੇ ਡੋਨਾਲਡ ਟਰੰਪ ਦੀ ਤਾਰੀਫ ਕੀਤੀ ਅਤੇ ਖੁਦ ਨੂੰ ਟਰੰਪ ਦੇ ਕਰੀਬ ਦਿਖਾਉਣ ਦੀ ਕੋਸ਼ਿਸ਼ ਕੀਤੀ। ਟਰੰਪ ਨੇ ਵੀ ਰਾਮਾਸਵਾਮੀ ਦਾ ਸਮਰਥਨ ਕੀਤਾ। ਹਾਲਾਂਕਿ ਪਿਛਲੇ ਦਿਨੀਂ ਰਾਮਾਸਵਾਮੀ ਦੀ ਪ੍ਰਚਾਰ ਟੀਮ ਵੱਲੋਂ ਡੋਨਾਲਡ ਟਰੰਪ ਖ਼ਿਲਾਫ਼ ਇੰਟਰਨੈੱਟ 'ਤੇ ਕਈ ਪੋਸਟਾਂ ਪਾਈਆਂ ਗਈਆਂ ਸਨ, ਜਿਸ ਕਾਰਨ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਟੀਮ ਨਾਰਾਜ਼ ਹੋ ਗਈ ਸੀ। ਇਸ ਤੋਂ ਬਾਅਦ ਟਰੰਪ ਨੇ ਵੀ ਰਾਮਾਸਵਾਮੀ ਨੂੰ ਪਾਖੰਡੀ ਦੱਸਦੇ ਹੋਏ ਉਨ੍ਹਾਂ ਦੀ ਤਿੱਖੀ ਆਲੋਚਨਾ ਕੀਤੀ।

ਕਨੇਡਾ ਦੀ ਮਹਿੰਗਾਈ ਦਰ ਵੱਧ ਕੇ 3.4% ਹੋਈ

ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਨਵੇਂ ਅੰਕੜਿਆਂ ਅਨੁਸਾਰ ਦਸੰਬਰ ਮਹੀਨੇ ਕੈਨੇਡਾ ਵਿੱਚ ਮਹਿੰਗਾਈ ਦਰ ਵੱਧ ਕੇ 3.4 % ਦਰਜ ਕੀਤੀ ਗਈ। ਅਕਤੂਬਰ ਅਤੇ ਨਵੰਬਰ ਦੌਰਾਨ ਸਾਲਾਨਾ ਮਹਿੰਗਾਈ ਦਰ 3.1% ਤੇ ਬਰਕਰਾਰ ਰਹੀ ਸੀ।

ਸਟੈਟਕੈਨ ਦਾ ਕਹਿਣਾ ਹੈ ਕਿ ਗੈਸ ਦੀਆਂ ਕੀਮਤਾਂ, ਹਵਾਈ ਯਾਤਰਾ, ਪੈਸੰਜਰ ਵਾਹਨਾਂ ਅਤੇ ਕਿਰਾਇਆਂ ਕਰਕੇ ਮਹਿੰਗਾਈ ਦਰ ਵਧੇਰੇ ਦਰਜ ਹੋਈ ਹੈ। ਭੋਜਨ ਦੀਆਂ ਕੀਮਤਾਂ ਸਾਲਾਨਾ ਤੁਲਨਾ ਵਿੱਚ 4.7 ਪ੍ਰਤੀਸ਼ਤ ਵਧੇਰੇ ਦਰਜ ਹੋਈਆਂ। ਨਵੰਬਰ ਵਿੱਚ ਵੀ ਖਾਧ ਮਹਿੰਗਾਈ ਦੀ ਇਹੋ ਦਰ ਸੀ।

ਕੈਨੇਡਾ ਵਿਚ ਤਾਜ਼ਾ ਮਹਿੰਗਾਈ ਦਰ ਬੈਂਕ ਔਫ਼ ਕੈਨੇਡਾ ਦੇ 2% ਮਹਿੰਗਾਈ ਦਰ ਦੇ ਟੀਚੇ ਤੋਂ ਅਜੇ ਜ਼ਿਆਦਾ ਹੈ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਔਫ਼ ਕੈਨੇਡਾ 2022 ਦੇ ਸ਼ੁਰੂ ਤੋਂ ਹੁਣ ਤੱਕ 10 ਵਾਰੀ ਵਿਆਜ ਦਰਾਂ ਵਧਾ ਚੁੱਕਾ ਹੈ ਅਤੇ ਆਰਥਿਕਤਾ ਵਿਚ ਧੀਮੇਪਣ ਦੇ ਮੱਦੇਨਜ਼ਰ ਬੈਂਕ ਨੇ ਪਿਛਲੇ ਕੁਝ ਮਹੀਨਿਆਂ ਤੋਂ ਵਿਆਜ ਦਰਾਂ ਨੂੰ 5% 'ਤੇ ਬਰਕਰਾਰ ਰੱਖਿਆ ਹੈ।

ਕੰਜ਼ਰਵੇਟਿਵ ਸਰਕਾਰ ਇਮੀਗ੍ਰੇਸ਼ਨ ਪਾਲਿਸੀ ਨੂੰ ਘਰਾਂ ਦੇ ਨਿਰਮਾਣ ਨਾਲ ਜੋੜੇਗੀ: ਪੀਅਰ ਪੋਲੀਵਰ

ਵਿਨੀਪੈਗ ,ਮੈਨੀਟੋਬਾ (ਕੁਲਤਰਨ ਸਿੰਘ ਪਧਿਆਣਾ) : ਜਸਟਿਨ ਟਰੂਡੋ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੇ ਕੰਜ਼ਰਵੇਟਿਵ ਸਿਆਸਤਦਾਨ ਪੀਅਰ ਪੋਲੀਵਰ ਨੇ ਕਿਹਾ ਹੈ ਕਿ ਜੇਕਰ ਉਹ ਚੁਣੇ ਜਾਂਦੇ ਹਨ ਤਾਂ ਉਹ ਕੈਨੇਡਾ ਦੇ ਇਮੀਗ੍ਰੇਸ਼ਨ ਪੱਧਰ ਨੂੰ ਬਣਾਏ ਜਾ ਰਹੇ ਘਰਾਂ ਦੀ ਗਿਣਤੀ ਨਾਲ ਜੋੜ ਦੇਣਗੇ । ਪੀਅਰ ਪੋਲੀਵਰ ਨੇ ਸ਼ੁੱਕਰਵਾਰ ਨੂੰ ਟਰੂਡੋ ਦੇ ਹਾਊਸਿੰਗ ਮੰਤਰੀ ਸ਼ਾਨ ਫਰੇਜ਼ਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਦੋਂ ਫਰੇਜ਼ਰ ਇਮੀਗ੍ਰੇਸ਼ਨ ਮੰਤਰੀ ਸਨ , ਉਸਨੇ ਇਹ ਯਕੀਨੀ ਬਣਾਏ ਬਿਨਾਂ ਕਿ ਨਵੇਂ ਆਉਣ ਵਾਲਿਆਂ ਦੀ ਵਧਦੀ ਗਿਣਤੀ ਨੂੰ ਵਸਾਇਆ ਜਾ ਸਕਦਾ ਹੈ ਜਾਂ ਨਹੀ ਇਮੀਗ੍ਰੇਸ਼ਨ ਟੀਚੇ ਨੂੰ ਵਧਾਇਆ ਜਾਂਦਾ ਰਿਹਾ । ਸਾਨੂੰ ਬਣਾਏ ਗਏ ਘਰਾਂ ਦੀ ਗਿਣਤੀ ਅਤੇ ਨਵੇਂ ਕੈਨੇਡੀਅਨਾਂ ਵਜੋਂ ਅਸੀਂ ਬੁਲਾਏ ਗਏ ਲੋਕਾਂ ਦੀ ਗਿਣਤੀ ਦੇ ਵਿਚਕਾਰ ਇੱਕ ਸਬੰਧ ਬਣਾਉਣ ਦੀ ਲੋੜ ਹੈ, "ਪੋਲੀਏਵਰ ਨੇ ਵਿਨੀਪੈਗ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਬੋਲਦਿਆਂ ਇਹ ਗੱਲ ਕਹੀ ਹੈ। ਪੋਲੀਵਰ ਦਾ ਕਹਿਣਾ ਹੈ ਕਿ ਉਸਦੀ ਕੰਜ਼ਰਵੇਟਿਵ ਪਾਰਟੀ "ਇਮੀਗ੍ਰੇਸ਼ਨ ਦੀ ਇੱਕ ਪਹੁੰਚ 'ਤੇ ਵਾਪਸ ਆਵੇਗੀ ਕਿ ਅਸੀਂ ਉਸ ਗਿਣਤੀ ਵਿੱਚ ਹੀ ਨਵੇਂ ਇਮੀਗ੍ਰੈਂਟਸ ਨੂੰ ਸੱਦਾ ਦੇਈਏ ਜਿੰਨਿਆ ਨੂੰ ਅਸੀ ਆਪਣੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਘਰ, ਰੁਜ਼ਗਾਰ ਅਤੇ ਦੇਖਭਾਲ ਦੇ ਤੌਰ ਤੇ ਸਾਂਭ ਸਕਦੇ ਹਾਂ।" ਉਸ ਵੱਲੋ ਅੰਕੜਿਆਂ ਦਾ ਹਵਾਲਾ ਦਿੰਦਿਆ ਕਿਹਾ ਗਿਆ ਹੈ ਕਿ ਕੈਨੇਡਾ ਹੁਣ 50 ਸਾਲ ਪਹਿਲਾਂ ਨਾਲੋ ਘੱਟ ਘਰ ਬਣਾ ਰਿਹਾ ਹੈ, ਜਦੋਂ ਇਸਦੀ ਆਬਾਦੀ ਲਗਭਗ 22 ਮਿਲੀਅਨ ਸੀ। ਇਹ ਅੱਜ 41 ਮਿਲੀਅਨ ਦੇ ਨੇੜੇ ਹੈ। ਕੈਨੇਡਾ ਵਿੱਚ 2022 ਵਿੱਚ 219,942 ਨਵੇਂ ਘਰ ਪੂਰੇ ਹੋਏ ਸਨ, ਸਭ ਤੋਂ ਹਾਲੀਆ ਸਾਲ ਜਿਸ ਲਈ ਪੂਰਾ ਡੇਟਾ ਉਪਲਬਧ ਹੈ, 1972 ਵਿੱਚ 232,227 ਦੇ ਮੁਕਾਬਲੇ, ਜਦੋਂ ਦੇਸ਼ ਉਸਾਰੀ ਵਿੱਚ ਤੇਜ਼ੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ।

ਸ਼ਮਸ਼ੇਰ ਗਿੱਲ ਨੂੰ ਨੈਸ਼ਨਲ ਆਊਟਰੀਚ ਐਡਵਾਇਜ਼ਰੀ ਕੌਂਸਲ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ

ਬਰੈਂਪਟਨ, ਬਲਜਿੰਦਰ ਸੇਖਾ

ਕੈਨੇਡਾ ਦੀ ਪ੍ਰਮੁੱਖ ਵਿਰੋਧੀ ਕੰਜ਼ਰਵਿਟਵ ਪਾਰਟੀ ਆਫ ਕੈਨੇਡਾ ਦੇ ਲੀਡਰ ਪੀਅਰ ਪੋਲੀਵਰ ਨੇ ਸ਼ਮਸ਼ੇਰ ਗਿੱਲ ਨੂੰ ਨੈਸ਼ਨਲ ਆਊਟਰੀਚ ਐਡਵਾਇਜ਼ਰੀ ਕੌਂਸਲ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਹੈ। ਸ਼ਮਸ਼ੇਰ ਗਿੱਲ ਲਈ ਇਹ ਇੱਕ ਮਹੱਤਵਪੂਰਨ ਪ੍ਰਾਪਤੀ ਹੈ, ਕਿਉਂਕਿ ਇਹ ਪਾਰਟੀ ਪ੍ਰਤੀ ਉਸਦੇ ਸਮਰਪਣ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ। ਨੈਸ਼ਨਲ ਆਊਟਰੀਚ ਐਡਵਾਈਜ਼ਰੀ ਕੌਂਸਲ ਪਾਰਟੀ ਦੀਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਅਤੇ ਦੇਸ਼ ਭਰ ਦੇ ਭਾਈਚਾਰਿਆਂ ਨਾਲ ਜੁੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਮੌਕੇ ਪਾਰਟੀ ਦੇ ਹੋਰ ਮੈਂਬਰਾਂ ਵੱਲੋਂ ਸ਼ਮਸ਼ੇਰ ਗਿੱਲ ਨੂੰ ਇਸ ਉਪਲਬਧੀ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਦੱਸਦਈਏ ਕਿ ਸ਼ਮਸ਼ੇਰ ਗਿੱਲ ਮੀਡੀਆ ਨਾਲ ਵੀ ਸਬੰਧ ਰੱਖਦੇ ਹਨ ਤੇ ਗਿੱਲ ਵੱਲੋ ਆਏ ਦਿਨ ਲੋਕਾਂ ਦੀ ਮਦਦ ਵੀ ਕੀਤੀ ਜਾਂਦੀ ਹੈ ਤੇ ਇਸ ਦੇ ਲਈ ਹੀ ਗਿੱਲ ਪੀਅਰ ਪੋਲੀਵਰ ਦੇ ਕਾਫੀ ਨਜ਼ਦੀਕੀ ਹਨ। ਸ਼ਮਸ਼ੇਰ ਗਿੱਲ ਪਿੰਡ ਢੁੱਡੀਕੇ, ਜ਼ਿਲ੍ਹਾ ਮੋਗਾ ਦੇ ਜੰਮਪਲ ਹਨ। ਸ਼ਮਸ਼ੇਰ ਗਿੱਲ ਨੇ ਟੋਰਾਂਟੋ 'ਚ ਸੇਨੇਕਾ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ 'ਚੋਂ ਇਮੀਗ੍ਰੇਸ਼ਨ ਲਾਅ ਦੀ ਪੜ੍ਹਾਈ ਕੀਤੀ ਹੈ ਤੇ ਹੁਣ ਪੇਸ਼ੇ ਵਜੋਂ ਸ਼ਮਸ਼ੇਰ ਗਿੱਲ ਰੀਅਲਟਰ ਦਾ ਵੀ ਕੰਮ ਕਰਦੇ ਹਨ। ਸ਼ਮਸ਼ੇਰ ਗਿੱਲ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ। ਲੀਡਰਸ਼ਿੱਪ ਦੌੜ ਵਿੱਚ ਉਹ ਪੋਲੀਵਰ ਦੇ ਨੈਸ਼ਨਲ ਆਊਟਰੀਚ ਕੋਆਰਡੀਨੇਟਰ ਰਹਿ ਚੁੱਕੇ ਹਨ। ਕੈਨੇਡੀਅਨ ਰਾਜਨੀਤੀ ਦੀ ਡੂੰਘੀ ਸਮਝ ਰੱਖਣ ਵਾਲੇ ਸ਼ਮਸ਼ੇਰ ਗਿੱਲ ਦੀ ਇਹ ਨਿਯੁਕਤੀ ਪਾਰਟੀ ਸਫਾਂ ਅੰਦਰ ਕਾਫ਼ੀ ਅਹਿਮ ਮੰਨੀ ਜਾ ਰਹੀ ਹੈ।

ਦੱਸਦਈਏ ਕਿ ਇਸ ਨਿਯੁਕਤੀ ਦਾ ਸਿੱਧਾ ਸੰਬੰਧ ਲੀਡਰ ਅਤੇ ਉਸਦੀ ਪ੍ਰਮੁੱਖ ਟੀਮ ਨਾਲ ਹੋਵੇਗਾ। ਇਸ ਵਕਤ ਕੈਨੇਡਾ ਵਿੱਚ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਹੈ ਜਿਸ ਦੀ ਵਾਗਡੋਰ ਬਾਕੀ ਪਾਰਟੀਆਂ ਦੇ ਹੱਥ ਹੈ। ਕੈਨੇਡਾ ਵਿੱਚ ਆਮ ਚੋਣਾਂ ਮਿਥੇ ਸਮੇਂ ਤੋਂ ਪਹਿਲਾਂ ਕਦੇ ਵੀ ਸੰਭਵ ਹਨ। ਇਸ ਵੇਲੇ ਤਕਰੀਬਨ ਸਾਰੇ ਸਰਵੇਖਣਾਂ ਦਾ ਕਹਿਣਾ ਹੈ ਕਿ ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤਾਂ ਪੀਅਰ ਪੋਲੀਵਰ ਵੱਡੀ ਬਹੁਮਤ ਵਾਲੀ ਸਰਕਾਰ ਬਣਾਉਣਗੇ ਅਤੇ ਟਰੂਡੋ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਘੱਟ ਗਿਣਤੀ ਸਰਕਾਰ ਦੇ ਚੱਲਦਿਆਂ ਸ਼ਮਸ਼ੇਰ ਗਿੱਲ ਨੂੰ ਮਿਲੀ ਇਸ ਜ਼ਿੰਮੇਵਾਰੀ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ ਤਾਂ ਕਿ ਪਾਰਟੀ ਅਤੇ ਲੋਕਾਂ ਦਰਮਿਆਨ ਬਰਾਬਰ ਤਾਲਮੇਲ ਬਣਾ ਕੇ ਰੱਖਿਆ ਜਾ ਸਕੇ। ਲੋਕਾਂ ਨਾਲ ਸਬੰਧਤ ਹਰ ਮਸਲਾ ਪਾਰਟੀ ਤੱਕ ਅਤੇ ਪਾਰਟੀ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣਾ ਬੇਹੱਦ ਜ਼ਰੂਰੀ ਹੋਵੇਗਾ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਅੰਤਰਰਾਸ਼ਟਰੀ ਕਾਨਫ਼ਰੰਸ 19 ਮਈ ਨੂੰ

ਸੈਕਰਾਮੈਂਟੋ : ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਅੰਤਰਰਾਸ਼ਟਰੀ ਕਾਨਫਰੰਸ 19 ਮਈ, ਦਿਨ ਐਤਵਾਰ ਨੂੰ ਹੋਵੇਗੀ। ਇਹ ਫੈਸਲਾ ਸਭਾ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਕਾਨਫਰੰਸ ਦੀ ਕਾਮਯਾਬੀ ਲਈ ਕਮੇਟੀ ਮੈਂਬਰਾਂ ਨੇ ਆਪੋ-ਆਪਣੇ ਸੁਝਾਅ ਦਿੱਤੇ। ਕਾਨਫਰੰਸ ਨੂੰ ਤਿੰਨ ਭਾਗਾਂ 'ਚ ਵੰਡਿਆ ਜਾਵੇਗਾ। ਪਹਿਲੇ ਭਾਗ ਵਿਚ ਕਵੀ ਸੰਮੇਲਨ, ਦੂਜੇ ਭਾਗ ਵਿਚ ਪੰਜਾਬੀ ਸਾਹਿਤ 'ਤੇ ਪਰਚੇ ਪੜ੍ਹੇ ਜਾਣਗੇ ਅਤੇ ਤੀਜੇ ਸੈਸ਼ਨ ਵਿਚ ਗੀਤ-ਸੰਗੀਤ ਹੋਵੇਗਾ। ਇਸ ਕਾਨਫਰੰਸ ਵਿਚ ਅੰਤਰਰਾਸ਼ਟਰੀ ਪੱਧਰ ਦੇ ਸਾਹਿਤਕਾਰਾਂ ਨੂੰ ਸੱਦਾ ਪੱਤਰ ਭੇਜਿਆ ਜਾਵੇਗਾ। ਇਸ ਦੌਰਾਨ ਸਭਾ ਵੱਲੋ ਇਕ ਸੋਵੀਨਰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ। ਕਾਨਫਰੰਸ ਨੂੰ ਕਾਮਯਾਬ ਕਰਨ ਲਈ ਮੈਂਬਰਾਂ ਦੀ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਦਿਲ ਨਿੱਜਰ, ਗੁਰਜਤਿੰਦਰ ਰੰਧਾਵਾ, ਜੋਤੀ ਸਿੰਘ, ਪਰਗਟ ਹੁੰਦਲ, ਰਾਠੇਸ਼ਵਰ ਸਿੰਘ ਸੂਰਾਪੁਰੀ, ਮੇਜਰ ਭੁਪਿੰਦਰ ਦਲੇਰ, ਜੀਵਨ ਰੱਤੂ, ਅਜੈਬ ਚੀਮਾ, ਫਕੀਰ ਸਿੰਘ ਮੱਲ੍ਹੀ ਅਤੇ ਗੁਰਦੀਪ ਕੌਰ ਵੀ ਹਾਜ਼ਰ ਸਨ।

ਆਸਟ੍ਰੇਲੀਆ 'ਚ ਬੁਸ਼ਫਾਇਰ ਹੋਈ ਬੇਕਾਬੂ

ਸਿਡਨੀ- ਆਸਟ੍ਰੇਲੀਆ ਵਿਖੇ ਪਰਥ ਦੇ ਉੱਤਰ ਵਿੱਚ ਬੁਸ਼ਫਾਇਰ ਬੇਕਾਬੂ ਹੁੰਦੀ ਜਾ ਰਹੀ ਹੈ। ਸੁਰੱਖਿਆ ਦੇ ਮੱਦੇਨਜ਼ਰ ਵਸਨੀਕਾਂ ਲਈ ਚਿਤਾਵਨੀ ਜਾਰੀ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਤੁਰੰਤ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਿਹਾ ਗਿਆ ਹੈ। ਪਰਥ ਦੇ ਉੱਤਰ ਵਿੱਚ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਚਿਟਰਿੰਗ ਖੇਤਰ ਦੇ ਕੁਝ ਹਿੱਸਿਆਂ ਵਿੱਚ 200 ਤੋਂ ਵੱਧ ਫਾਇਰਫਾਈਟਰਜ਼ ਤਿੰਨ ਵੱਡੀਆਂ ਝਾੜੀਆਂ ਵਿੱਚ ਲੱਗੀ ਅੱਗ ਨੂੰ ਕਾਬੂ ਕਰਨ ਲਈ ਜੂਝ ਰਹੇ ਹਨ। ਗਿੰਗਿਨ, ਬਿੰਦੂਨ ਅਤੇ ਲੈਨਾਰਡ ਬਰੂਕ ਸਮੇਤ ਕਸਬੇ ਐਮਰਜੈਂਸੀ ਚਿਤਾਵਨੀ ਦੇ ਅਧੀਨ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਨਾਂ ਅਤੇ ਘਰਾਂ ਲਈ ਤੁਰੰਤ ਖ਼ਤਰਾ ਹੈ, ਹੁਣ ਤੱਕ ਬਿੰਦੂਨ ਵਿੱਚ ਇੱਕ ਘਰ ਅੱਗ ਦੀ ਲਪੇਟ ਵਿੱਚ ਆ ਗਿਆ ਹੈ। ਂਅ ਵਿਭਾਗ ਦੇ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਨੇ ਕਿਹਾ, "ਤੁਸੀਂ ਖ਼ਤਰੇ ਵਿੱਚ ਹੋ ਅਤੇ ਬਚਣ ਲਈ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ"। ਤੂਫਾਨ ਅਤੇ ਗਰਮੀ ਕਾਰਨ ਚਾਲਕ ਦਲ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰ ਰਹੇ ਹਨ।

MATRIMONIAL

GIRL WANTED

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

PUNJAB STAR TV

ਪੰਜਾਬ ਸਟਾਰ ਟੀਵੀ

ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

IPTV, Roku, eBaba Ent, webtv, YUPPTV, Google Play, Shava tv, jadoo tv, Cruze tv, amazon fire TV

ਸਿੱਖ ਦਾ ਨਾਮ ਸਿੰਘ ਜਾਂ ਕੌਰ ਤੋਂ ਬਿਨਾਂ ਕਿਆਸ ਹੀ ਨਹੀਂ ਕੀਤਾ ਜਾ ਸਕਦਾ- ਐਡਵੋਕੇਟ ਧਾਮੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੰਮੂ ਅਤੇ ਕਸ਼ਮੀਰ ਹਾਈ ਕੋਰਟ ਵਲੋ ਸਿੱਖ ਦੇ ਨਾਂ ਪਿੱਛੇ 'ਸਿੰਘ' ਜਾਂ 'ਕੌਰ' ਜ਼ਰੂਰੀ ਨਾ ਹੋਣ ਦੇ ਦਿਤੇ ਗਏ ਫੈਸਲੇ ਉਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸਿੱਖ ਦੀ ਪਰਿਭਾਸ਼ਾ ਦੁਨੀਆਵੀ ਅਦਾਲਤਾਂ ਦੇ ਅਧੀਨ ਨਹੀਂ ਹੈ, ਸਗੋਂ ਇਹ ਗੁਰੂ ਬਖਸ਼ੀ ਰਹਿਣੀ 'ਤੇ ਅਧਾਰਿਤ ਹੈ। ਇਸ ਪਿੱਛੇ ਸਿੱਖਾਂ ਦਾ ਸ਼ਾਨਮੱਤਾ ਇਤਿਹਾਸ, ਸਿਧਾਂਤ ਅਤੇ ਪਰੰਪਰਾਵਾਂ ਹਨ।

ਉਨ੍ਹਾਂ ਕਿਹਾ ਕਿ ਸਿੱਖ ਦਾ ਨਾਂਅ ਸਿੰਘ ਜਾਂ ਕੌਰ ਤੋ ਬਿਨਾਂ ਕਿਆਸ ਹੀ ਨਹੀਂ ਕੀਤਾ ਜਾ ਸਕਦਾ, ਇਸ ਲਈ ਜੰਮੂ ਕਸ਼ਮੀਰ ਹਾਈ ਕੋਰਟ ਦੀ ਟਿੱਪਣੀ ਸਿੱਧੇ ਤੌਰ 'ਤੇ ਸਿੱਖ ਕਦਰਾਂ ਕੀਮਤਾਂ ਅਤੇ ਸਿੱਖ ਰਹਿਣੀ ਦੇ ਬਿਲਕੁਲ ਵਿਰੁਧ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਆਖਿਆ ਕਿ ਭਾਵੇਂ ਜੰਮੂ ਕਸ਼ਮੀਰ ਹਾਈ ਕੋਰਟ ਦਾ ਫੈਸਲਾ ਉਥੋਂ ਦੇ ਅਖਨੂਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੈ ਪਰ ਇਸ ਨੇ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਉਲੰਘਣ ਦੇ ਨਾਲ-ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਸੱਟ ਮਾਰੀ ਹੈ। ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਰਯਾਦਾ ਨਾਲ ਜੁੜੇ ਮਾਮਲੇ 'ਤੇ ਅਜਿਹੀ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਅਜਿਹੇ ਮਾਮਲਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਸੁਝਾਅ ਅਤੇ ਰਾਏ ਲਾਜ਼ਮੀ ਤੌਰ 'ਤੇ ਲੈਣੀ ਚਾਹੀਦੀ ਹੈ।

ਜੇਕਰ ਅਜਿਹੇ ਮਨਮਰਜ਼ੀ ਦੇ ਫੈਸਲੇ ਲਏ ਜਾਣ ਲੱਗੇ ਤਾਂ ਧਰਮਾਂ ਦੀਆਂ ਮੁੱਲਵਾਨ ਕਦਰਾਂ ਕੀਮਤਾਂ ਅਤੇ ਮੌਲਿਕ ਮਰਯਾਦਾ ਕਾਇਮ ਨਹੀਂ ਰਹਿ ਸਕੇਗੀ। ਐਡਵੋਕੇਟ ਧਾਮੀ ਨੇ ਕਿਹਾ ਕਿ ਜੰਮੂ ਕਸ਼ਮੀਰ ਹਾਈ ਕੋਰਟ ਦੇ ਫੈਸਲੇ ਬਾਰੇ ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਰਾਂ ਪਾਸੋਂ ਘੋਖ ਕਰਵਾ ਕੇ ਯੋਗ ਕਾਰਵਾਈ ਕਰੇਗੀ।

ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ 'ਆਪ' ਇਕੱਲੇ ਚੋਣ ਲੜੇਗੀ ਤੇ ਜਿੱਤੇਗੀ: ਮਾਨ

ਚੰਡੀਗੜ੍ਹ : ਕਾਂਗਰਸ ਅਤੇ 'ਆਪ' ਦਰਮਿਆਨ ਸੀਟਾਂ ਦੀ ਵੰਡ ਦੀ ਗੱਲਬਾਤ ਚੱਲ ਰਹੀ ਹੈ ਤੇ ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਇਕੱਲੇ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਤਿਹਾਸ ਰਚਿਆ ਜਾਵੇਗਾ ਕਿਉਂਕਿ ਆਮ ਆਦਮੀ ਪਾਰਟੀ ਸਾਰੀਆਂ 13 ਸੀਟਾਂ ਜਿੱਤੇਗੀ। ਇਹ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦੇ ਹੱਕ ਵਿੱਚ ਫੈਸਲਾ ਹੋਵੇਗਾ ਅਤੇ ਵਿਰੋਧੀ ਧਿਰ ਨੂੰ ਉਨ੍ਹਾਂ ਦੇ ਪੰਜਾਬ ਵਿਰੋਧੀ ਪੈਂਤੜੇ ਲਈ ਲੋਕ ਬੁਰੀ ਤਰ੍ਹਾਂ ਨਕਾਰ ਦੇਣਗੇ।

ਫਗਵਾੜਾ ਦੇ ਗੁਰਦੁਆਰਾ ਸਾਹਿਬ 'ਚ ਕਤਲ ਮਾਮਲਾ

ਪੁਲਿਸ ਨੇ ਨਿਹੰਗ ਸਿੰਘ ਦਾ 7 ਦਿਨ ਦਾ ਰਿਮਾਂਡ ਕੀਤਾ ਹਾਸਲ

ਫਗਵਾੜਾ (ਪੰਜਾਬ ਸਟਾਰ ਬਿਊਰੋ): ਬੀਤੇ ਦਿਨੀਂ ਫਗਵਾੜਾ ਦੇ ਸਰਾਫਾ ਬਾਜ਼ਾਰ ਵਿਚ ਗੁਰਦੁਆਰਾ ਸਾਹਿਬ ਵਿਚ ਇਕ ਵਿਅਕਤੀ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਜਿਸ ਕਾਰਨ ਫਗਵਾੜਾ ਪੁਲਿਸ ਵੱਲੋਂ ਇਕ ਨਿਹੰਗ ਸਿੰਘ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਜਿਸ ਦੀ ਪਛਾਣ ਰਮਨਦੀਪ ਮੰਗੂ ਵਜੋਂ ਹੋਈ ਸੀ। ਰਮਨਦੀਪ ਮੰਗੂ ਨੂੰ ਅੱਜ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਉਸ ਦਾ 7 ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸਪੀ ਫਗਵਾੜਾ ਨੇ ਦੱਸਿਆ ਕਿ ਰਮਨਦੀਪ ਮੰਗੂ ਦਾ 7 ਦਿਨ ਦਾ ਰਿਮਾਂਡ ਹਾਸਲ ਕਰਕੇ ਪੁੱਛਗਿਛ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਫਗਵਾੜਾ ਦੇ ਸਰਾਫਾ ਬਾਜ਼ਾਰ ਦੇ ਗੁਰਦੁਆਰਾ ਸਾਹਿਬ ਵਿਚ ਇਕਨ ਨਿਹੰਗ ਸਿੰਘ ਨੇ ਬੇਅਦਬੀ ਦਾ ਦੋਸ਼ ਲਗਾਉਂਦੇ ਹੋਏ ਇਕ ਅਣਪਛਾਤੇ ਵਿਅਕਤੀ ਨੂੰ ਕਤਲ ਕਰ ਦਿੱਤਾ ਸੀ ਜਿਸ ਦੀ ਵੀਡੀਓ ਵਿਚ ਨਿਹੰਗ ਵੱਲੋਂ ਜ਼ਿੰਮੇਵਾਰੀ ਵੀ ਲਈ ਗਈ ਸੀ ਜਿਸ ਕਾਰਨ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲਿਆ ਸੀ। ਫਿਲਹਾਲ ਪੁਲਿਸ ਰਿਮਾਂਡ ਹਾਸਲ ਕਰਕੇ ਕਤਲ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

ਜਹਾਜ਼ ਦੇ ਪਖਾਨੇ 'ਚ ਇੱਕ ਘੰਟੇ ਤੱਕ ਫਸਿਆ ਰਿਹਾ ਸਪਾਈਸ ਜੈੱਟ ਦਾ ਮੁਸਾਫ਼ਰ

ਸਪਾਈਸ ਜੈੱਟ ਦਾ ਇਕ ਮੁਸਾਫ਼ਰ ਮੰਗਲਵਾਰ ਨੂੰ ਇਕ ਜਹਾਜ਼ ਦੇ ਪਖਾਨੇ 'ਚ ਕਰੀਬ ਇਕ ਘੰਟੇ ਤਕ ਫਸਿਆ ਰਿਹਾ। ਘਟਨਾ ਦੇ ਸਮੇਂ ਜਹਾਜ਼ ਹਵਾ ਵਿਚ ਸੀ। ਸਪਾਈਸ ਜੈੱਟ ਦੇ ਬੁਲਾਰੇ ਨੇ ਦਸਿਆ ਕਿ ਇਹ ਘਟਨਾ ਮੰਗਲਵਾਰ ਨੂੰ ਮੁੰਬਈ-ਬੈਂਗਲੂਰੂ ਉਡਾਣ ਦੌਰਾਨ ਵਾਪਰੀ ਅਤੇ ਏਅਰਲਾਈਨ ਮੁਸਾਫ਼ਰ ਨੂੰ ਪੂਰੀ ਰਕਮ ਵਾਪਸ ਕਰ ਰਹੀ ਹੈ। ਏਅਰਲਾਈਨ ਨੇ ਮੁਸਾਫ਼ਰ ਨੂੰ ਹੋਈ ਪ੍ਰੇਸ਼ਾਨੀ ਲਈ ਮੁਆਫੀ ਵੀ ਮੰਗੀ। ਜਹਾਜ਼ ਦੇ ਬੈਂਗਲੂਰੂ ਹਵਾਈ ਅੱਡੇ 'ਤੇ ਉਤਰਨ ਤੋਂ ਤੁਰਤ ਬਾਅਦ ਇਕ ਇੰਜੀਨੀਅਰ ਨੇ ਪਖਾਨੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਜਾ ਕੇ ਮੁਸਾਫ਼ਰ ਬਾਹਰ ਆ ਸਕਿਆ। ਮੁਸਾਫ਼ਰ ਬਾਰੇ ਵੇਰਵੇ ਤੁਰਤ ਉਪਲਬਧ ਨਹੀਂ ਹੋ ਸਕੇ।

ਬੁਲਾਰੇ ਨੇ ਕਿਹਾ, ''16 ਜਨਵਰੀ ਨੂੰ ਮੁੰਬਈ ਤੋਂ ਬੈਂਗਲੂਰੂ ਜਾ ਰਹੀ ਸਪਾਈਸ ਜੈੱਟ ਦੀ ਉਡਾਣ ਦਾ ਇਕ ਮੁਸਾਫ਼ਰ ਬਦਕਿਸਮਤੀ ਨਾਲ ਦਰਵਾਜ਼ੇ ਦੇ ਤਾਲੇ 'ਚ ਖਰਾਬੀ ਕਾਰਨ ਲਗਭਗ ਇਕ ਘੰਟੇ ਤਕ ਪਖਾਨੇ 'ਚ ਫਸਿਆ ਰਿਹਾ।'' ਉਨ੍ਹਾਂ ਇਹ ਵੀ ਕਿਹਾ ਕਿ ਮੁਸਾਫ਼ਰ ਨੂੰ ਟਿਕਟ ਦੀ ਪੂਰੀ ਰਕਮ ਵਾਪਸ ਕੀਤੀ ਜਾ ਰਹੀ ਹੈ। ਇਸ ਦੌਰਾਨ ਮੁਸਾਫ਼ਰਾਂ ਵਲੋਂ ਦਸੰਬਰ 'ਚ ਰੱਦ ਕੀਤੀਆਂ ਗਈਆਂ ਉਡਾਣਾਂ ਦੀਆਂ ਟਿਕਟਾਂ ਦਾ ਰਿਫੰਡ ਨਾ ਮਿਲਣ ਦੀਆਂ ਸ਼ਿਕਾਇਤਾਂ ਵੀ ਆ ਰਹੀਆਂ ਹਨ। ਕਈ ਮੁਸਾਫ਼ਰਾਂ ਨੇ ਸਪਾਈਸਜੈੱਟ ਤੋਂ ਰਿਫੰਡ ਪ੍ਰਾਪਤ ਕਰਨ 'ਚ ਦੇਰੀ ਬਾਰੇ ਸੋਸ਼ਲ ਮੀਡੀਆ 'ਤੇ ਸ਼ਿਕਾਇਤ ਕੀਤੀ ਹੈ। ਡਿਜ਼ਾਈਨਰ ਸ਼ਿਵੀ ਪਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਹਾਲ ਹੀ 'ਚ ਇਕ ਪੋਸਟ 'ਚ ਕਿਹਾ ਕਿ ਉਨ੍ਹਾਂ ਨੂੰ ਵਾਰਾਣਸੀ ਤੋਂ ਬੁੱਕ ਕੀਤੀ ਗਈ ਸਪਾਈਸ ਜੈੱਟ ਦੀ ਉਡਾਣ ਦੀ ਟਿਕਟ ਦਾ ਰਿਫੰਡ ਅਜੇ ਨਹੀਂ ਮਿਲਿਆ ਹੈ, ਜਿਸ ਨੂੰ 27 ਦਸੰਬਰ 2023 ਨੂੰ ਰੱਦ ਕਰ ਦਿਤਾ ਗਿਆ ਸੀ।

ਉਨ੍ਹਾਂ ਨੇ 11 ਜਨਵਰੀ ਨੂੰ ਇਕ ਪੋਸਟ 'ਚ ਕਿਹਾ, ''ਸਪਾਈਸ ਜੈੱਟ ਦੇ ਨਾਲ ਨਵੇਂ ਸਾਲ ਦੀ ਸਫਲ ਸ਼ੁਰੂਆਤ ਦੀ ਕਾਮਨਾ ਕਰਦਾ ਹਾਂ। ਵਾਰਾਣਸੀ ਹਵਾਈ ਅੱਡੇ ਤੋਂ ਸਪਾਈਸ ਜੈੱਟ ਦੀ ਮੇਰੀ ਉਡਾਣ ਨੂੰ ਰਾਤ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਲਗਭਗ 14 ਦਿਨ ਹੋ ਗਏ ਹਨ ਅਤੇ ਸਟਾਫ ਵਲੋਂ ਵੇਰਵੇ ਇਕੱਠੇ ਕਰਨ ਦੇ ਬਾਵਜੂਦ ਅਜੇ ਵੀ ਰਿਫੰਡ ਨਹੀਂ ਮਿਲਿਆ ਹੈ।''

4 ਸਾਲਾ ਮਾਸੂਮ ਨਾਲ ਜਬਰ-ਜ਼ਨਾਹ ਮਗਰੋਂ ਹੱਤਿਆ ਕਰਨ ਵਾਲਾ ਕਾਬੂ

19 ਦਿਨ ਪਹਿਲਾਂ ਲੁਧਿਆਣਾ 'ਚ ਚਾਰ ਸਾਲਾ ਬੱਚੀ ਨਾਲ ਜਬਰ-ਜ਼ਨਾਹ ਕਰਨ ਅਤੇ ਉਸ ਦੀ ਹਤਿਆ ਕਰਨ ਦੇ ਇਲਜ਼ਾਮ ਤਹਿਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਮੁਲਜ਼ਮ 'ਤੇ 2 ਲੱਖ ਰੁਪਏ ਦਾ ਇਨਾਮ ਵੀ ਰੱਖਿਆ ਸੀ। ਥਾਣਾ ਡਾਬਾ ਦੀ ਪੁਲਿਸ ਨੇ ਕਈ ਜਨਤਕ ਥਾਵਾਂ 'ਤੇ ਮੁਲਜ਼ਮ ਸੋਨੂੰ ਵਾਸੀ ਫਤਿਹਪੁਰ ਉੱਤਰ ਪ੍ਰਦੇਸ਼ ਦੀ ਤਸਵੀਰ ਵੀ ਲਗਾਈ ਸੀ। ਮੁਲਜ਼ਮ ਵਿਰੁਧ ਥਾਣਾ ਡਾਬਾ ਵਿਚ ਧਾਰਾ 302, 376ਏ, 376ਏਬੀ, ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। 19 ਦਿਨ ਪਹਿਲਾਂ ਮੁਲਜ਼ਮ ਨੇ 4 ਸਾਲ ਦੀ ਬੱਚੀ ਦਾ ਕਤਲ ਕਰ ਦਿਤਾ ਸੀ ਅਤੇ ਉਸ ਦੀ ਲਾਸ਼ ਨੂੰ ਬੈੱਡ 'ਚ ਰੱਖ ਦਿਤੀ ਸੀ। ਪੋਸਟਮਾਰਟਮ ਤੋਂ ਪਤਾ ਲੱਗਿਆ ਕਿ ਲੜਕੀ ਦਾ ਗਲਾ ਘੁੱਟ ਕੇ ਕਤਲ ਕੀਤਾ ਗਿਆ ਸੀ। ਡਾਕਟਰਾਂ ਨੂੰ ਬੱਚੀ ਦੇ ਗੁਪਤ ਅੰਗ ਵਿਚ ਬਲੀਡਿੰਗ ਵੀ ਮਿਲੀ ਸੀ, ਇਸ ਦੇ ਨਮੂਨੇ ਜਾਂਚ ਲਈ ਵੀ ਭੇਜੇ ਗਏ। ਮਿਲੀ ਜਾਣਕਾਰੀ ਅਨੁਸਾਰ ਘਟਨਾ ਸਮੇਂ ਡਾਬਾ ਇਲਾਕੇ 'ਚ ਰਹਿਣ ਵਾਲਾ ਨੌਜਵਾਨ ਸੋਨੂੰ ਲੜਕੀ ਨੂੰ ਬਹਾਨੇ ਨਾਲ ਅਪਣੇ ਕਮਰੇ 'ਚ ਲੈ ਗਿਆ। ਦੁਪਹਿਰ ਤੋਂ ਲੜਕੀ ਦਾ ਕੋਈ ਪਤਾ ਨਹੀਂ ਲੱਗ ਸਕਿਆ, ਇਸ ਲਈ ਉਸ ਦੀ ਭਾਲ ਕੀਤੀ ਗਈ। ਪ੍ਰਵਾਰ ਨੇ ਖਦਸ਼ਾ ਜਤਾਇਆ ਹੈ ਕਿ ਲੜਕੀ ਨਾਲ ਬਲਾਤਕਾਰ ਕੀਤਾ ਗਿਆ ਅਤੇ ਉਸ ਦਾ ਕਤਲ ਕਰ ਦਿਤਾ ਗਿਆ। ਲੜਕੀ ਦੀ ਗਰਦਨ 'ਤੇ ਮੁਲਜ਼ਮ ਦੀਆਂ ਉਂਗਲਾਂ ਦੇ ਨਿਸ਼ਾਨ ਵੀ ਮਿਲੇ ਹਨ। ਮੁਲਜ਼ਮ ਦੀ ਗ੍ਰਿਫਤਾਰੀ ਨਾ ਹੋਣ ਕਾਰਨ ਪ੍ਰਵਾਰ ਨੇ ਆਜ਼ਾਦ ਨਗਰ 'ਚ ਪੁਲਿਸ ਵਿਰੁਧ ਪ੍ਰਦਰਸ਼ਨ ਵੀ ਕੀਤਾ ਸੀ।

ਨਾਜਾਇਜ਼ ਮਾਈਨਿੰਗ ਖਿਲਾਫ਼ ਪੁਲਿਸ ਦੀ ਵੱਡੀ ਕਾਰਵਾਈ! ਥਾਣਾ ਸਿੱਧਵਾਂ ਬੇਟ ਦਾ SHO ਕੀਤਾ ਸਸਪੈਂਡ

ਸਤਲੁਜ ਦਰਿਆ ਤੋਂ ਰੇਤ ਦੀ ਨਾਜਾਇਜ਼ ਮਾਈਨਿੰਗ ਮਾਮਲੇ ਵਿਚ ਲੁਧਿਆਣਾ ਦਿਹਾਤ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਥਾਣਾ ਸਿੱਧਵਾਂ ਬੇਟ ਇੰਚਾਰਜ ਇੰਸਪੈਕਟਰ ਦਲਜੀਤ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਇੰਸਪੈਕਟਰ ਦਲਜੀਤ ਸਿੰਘ ਨੇ ਨਾਜਾਇਜ਼ ਮਾਈਨਿੰਗ ਵਿਚ ਫੜੇ ਗਏ ਟਰੱਕ ਨੂੰ ਛੱਡ ਦਿੱਤਾ ਸੀ। ਡੀਐੱਸਪੀ ਸਤਵਿੰਦਰ ਸਿੰਘ ਨੇ ਦੱਸਿਆ ਕਿ ਹੁਣੇ ਜਿਹੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਸਤਲੁਜ ਦਰਿਆ ਤੋਂ ਰੇਤ ਦੀ ਨਾਜਾਇਜ਼ ਮਾਈਨਿੰਗ ਨਾਲ ਭਰੇ ਟਿੱਪਰ ਨੂੰ ਕਾਬੂ ਕਰਕੇ ਥਾਣਾ ਸਿੱਧਵਾਂ ਬੇਟ ਪੁਲਿਸ ਦੇ ਹਵਾਲੇ ਕੀਤਾ ਸੀ ਪਰ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੁਲਿਸ ਨੂੰ ਸੌਂਪੇ ਗਏ ਟਿੱਪਰ ਨੂੰ ਸਿੱਧਵਾਂ ਬੇਟ ਪੁਲਿਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਦਲਜੀਤ ਸਿੰਘ ਨੇ ਛੱਡ ਦਿੱਤਾ। ਸੂਚਨਾ ਮਿਲਣ ਦੇ ਬਾਅਦ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਇਸਦੀ ਸ਼ਿਕਾਇਤ ਲੁਧਿਆਣਾ ਦਿਹਾਤ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ। ਜਾਂਚ ਦੇ ਬਾਅਦ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ ਸ਼ਿਕਾਇਤ ਸਹੀ ਪਾਈ ਗਈ। ਇਸੇ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਸਿੱਧਵਾਂ ਬੇਟ ਦੇ ਪੁਲਿਸ ਸਟੇਸ਼ਨ ਦੇ ਐੱਸਐੱਚਓ ਦਲਜੀਤ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ ਤੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵਿਭਾਗ ਨੇ SHO ਖਿਲਾਫ ਹੁਣ ਤੱਕ ਮਿਲੀਆਂ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਦੇ ਨਾਲ ਹੀ ਕਈ ਪੁਰਾਣੀਆਂ ਫਾਈਲਾਂ ਦੀ ਵੀ ਜਾਂਚ ਕੀਤੀ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈਕ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Gurinder Grewal
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਸਾਹਿਤ ਦੀਆਂ ਮੱਛੀਆਂ !

ਬੁੱਧ ਸਿੰਘ ਨੀਲੋਂ
94643-70823

ਬੁੱਧ- ਬਾਣ

ਸੰਸਾਰ ਇੱਕ ਸਮੁੰਦਰ ਹੈ। ਇੱਕ ਪਿੰਡ ਹੈ। ਸਮੁੰਦਰ ਦਾ ਆਪਣਾ ਇੱਕ ਸਮਾਜ ਹੈ। ਸਮਾਜ ਦੇ ਅੰਦਰ ਕਈ ਸਮਾਜ ਹਨ। ਹਰ ਸਮਾਜ ਦਾ ਆਪੋ ਆਪਣਾ ਇਤਿਹਾਸ, ਮਿਥਿਹਾਸ ਹੈ। ਇਸ ਸਮੁੰਦਰ ਵਿੱਚ ਇੱਕ ਪਿੰਡ ਪੰਜਾਬ ਹੈ। ਪੰਜਾਂ ਦਰਿਆਵਾਂ ਦੀ ਧਰਤੀ। ਮਨੁੱਖੀ ਸੱਭਿਅਤਾ ਦਾ ਪੰਘੂੜਾ, ਸੋਨੇ ਦੀ ਚਿੜੀ ਦਾ ਦਿਲ। ਸ਼ਹੀਦ ਕੌਮ ਦੀ ਧਰਤੀ। ਇਹ ਕਦੇ ਵਗਦਾ ਦਰਿਆ ਸੀ। ਵੈਰੀ ਲਈ ਪਰਬਤ, ਆਪਣਿਆਂ ਲਈ ਧਰਤੀ। ਇਸ ਵਿੱਚ ਦਰਿਆ ਵਰਗੀ ਦਰਿਆਦਿਲੀ, ਨਦੀ ਵਰਗਾ ਅੱਥਰਾ ਸੁਭਾਅ, ਝਰਨੇ ਵਰਗਾ ਸੰਗੀਤ, ਦਿਨ ਚੜ੍ਹਦੇ ਦੀ ਲਾਲੀ ਵਰਗਾ ਰੰਗ ਹੈ। ਗੁਰੀਲਿਆਂ ਦੀ ਕੌਮ, ਕਦੇ ਨਕਸਲਬਾੜੀ, ਕਦੇ ਅੱਤਵਾਦੀ, ਕਦੇ ਵੱਖਵਾਦੀ, ਕਦੇ ਕੁੜੀਮਾਰ, ਵੈਲੀਆਂ, ਨੜੀਮਾਰ ਤੇ ਨਸ਼ਈਆਂ ਦੀ ਧਰਤੀ ਵਜੋਂ ਜਾਣੀ ਜਾਂਦੀ ਰਹੀ ਹੈ। ਪਰ ਆਪਾਂ ਇਸ ਸਮੁੰਦਰ ਵਿਚਲੇ ਪੰਜਾਬ ਵਿੱਚ ਪਾਈਆਂ ਜਾਂਦੀਆਂ ਉਨ੍ਹਾਂ ਮੱਛੀਆਂ ਦੀ ਚਰਚਾ ਕਰ ਰਹੇ ਹਾਂ, ਜਿਹੜੀਆਂ ਅਕਸਰ ਸਾਹਿਤ ਵਿੱਚ ਪਾਈਆਂ ਜਾਂਦੀਆਂ ਹਨ।

ਸਾਹਿਤ ਅੰਦਰ ਵੀ ਇੱਕ ਸਾਹਿਤ ਹੈ, ਕੁਝ ਸਾਹਿਤ ਲਿਖਤ ਵਿੱਚ ਅਉਂਦਾ ਹੈ। ਕੁੱਝ ਅਣਲਿਖਿਆ ਵੀ ਰਹਿ ਜਾਂਦਾ ਹੈ। ਅਣਲਿਖਿਆ ਹੀ ਉਹ ਸਾਹਿਤ ਹੁੰਦਾ ਹੈ, ਜਿਸ ਵਿੱਚ ਜ਼ਿੰਦਗੀ ਧੜਕਦੀ ਹੈ। ਪਰ ਹੁਣ ਅੱਜਕਲ੍ਹ ਜ਼ਿੰਦਗੀ ਧੜਕਦੀ ਨਹੀਂ, ਰੀਂਗਦੀ ਹੈ। ਹੁਣ ਕੁੜੀਮਾਰਾਂ, ਵੈਲੀਆਂ, ਨੜੀਮਾਰਾਂ ਤੇ ਨਸ਼ੱਈਆਂ ਦੀ ਧਰਤੀ ਦੇ ਸਮੁੰਦਰ ਵਿੱਚ ਵਿਚਰਦੀਆਂ ਉਨ੍ਹਾਂ ਸਾਹਿਤ ਦੀਆਂ ਮੱਛੀਆਂ ਦੀ ਗੱਲ ਕਰਦੇ ਹਾਂ, ਜਿਹੜੀਆਂ ਕਦੇ ਕਿਸੇ ਦਾ ਭੋਜਨ ਬਣੀਆਂ ਹਨ ਤੇ ਕਦੇ ਕਿਸੇ ਨੂੰ ਭੋਜਨ ਬਣਾਉਂਦੀਆਂ ਹਨ।

ਜਿਵੇਂ ਧਰਤੀ-ਪਰੇ-ਧਰਤੀ ਹੈ, ਇਵੇਂ ਸਾਹਿਤ ਵਿੱਚ ਮੱਛੀਆਂ ਦੀਆਂ ਬਹੁਤ ਸਾਰੀਆਂ ਕਿਸਮਾਂ, ਨਸਲਾਂ ਮਿਲਦੀਆਂ ਹਨ। ਜਿਹੋ ਜਿਹੀ ਮੱਛੀ ਦੇ ਪਾਲਣ ਦੀ ਥਾਂ, ਉਹੋ ਜਿਹਾ ਉਸ ਦਾ ਜਾਇਕਾ ਅਤੇ ਸੁਆਦ ਹੁੰਦਾ ਹੈ। ਉਝ ਮੱਛੀਆਂ ਕਿੰਨੇ ਹੀ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ: ਖੂਹ, ਟੋਬਾ, ਤਲਾਬ, ਨਾਲਾ, ਨਦੀ, ਦਰਿਆ ਅਤੇ ਸਮੁੰਦਰ ਦੀਆਂ ਮੱਛੀਆਂ।

ਖੂਹ ਵਿਚਲੀਆਂ ਮੱਛੀਆਂ ਦਾ ਆਪਣਾ ਹੀ ਇੱਕ ਸੰਸਾਰ ਹੁੰਦਾ ਹੈ। ਉਨ੍ਹਾਂ ਦੀ ਡੱਡੂ ਦੌੜ-ਮੁੱਲਾਂ ਦੀ ਦੌੜ ਵਰਗੀ ਹੁੰਦੀ ਹੈ। ਜੋ ਪੜ੍ਹਿਆ-ਦੇਖਿਆ ਹੁੰਦਾ ਹੈ, ਉਹ ਉਹੀ ਸਿਰਜਦੀਆਂ ਹਨ। ਉਨ੍ਹਾਂ ਨੂੰ ਅਕਸਰ ਇੰਝ ਲਗਦਾ ਹੈ ਕਿ ਧਰਤੀ ਉਨ੍ਹਾਂ ਦੇ ਮੋਢਿਆਂ ਉੱਤੇ ਖੜ੍ਹੀ ਹੈ। ਉਹ ਇਸੇ ਭਰਮ ਵਿੱਚ ਖੂਹ ਵਿੱਚ ਗੇੜੇ ਕੱਢਦੀਆਂ ਤੇ ਟਪੂਸੀਆਂ ਮਾਰਦੀਆਂ ਰਹਿੰਦੀਆਂ ਹਨ।

ਟੋਭੇ ਦੀਆਂ ਮੱਛੀਆਂ ਉਹ ਹੁੰਦੀਆਂ ਹਨ, ਜਿੰਨ੍ਹਾਂ ਸਾਰੇ ਪਿੰਡ ਦਾ ਗੰਦਾ ਪਾਣੀ ਪੀਤਾ ਹੁੰਦਾ ਹੈ। ਇਨ੍ਹਾਂ ਦਾ ਰੰਗ ਲਾਖਾ ਹੁੰਦਾ ਹੈ। ਇਹ ਖੁਲ੍ਹੀ ਮੂਹਰੀ ਦੀ ਸਲਵਾਰ ਵਰਗਾ ਸਾਹਿਤ ਸਿਰਜਦੀਆਂ ਹਨ, ਕਦੇ ਕਦੇ ਕੋਈ ਚੰਗੀ ਗੱਲ ਕਰਕੇ ਇਹ ਸਾਰੀ ਉਮਰ ਜਿਉਂਦੇ ਰਹਿਣ ਜੋਗੀਆਂ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਸਭ ਤੋਂ ਵੱਡੀ ਬਿਮਾਰੀ ਇਹ ਹੁੰਦੀ ਹੈ ਕਿ ਇਹ ਖਾਣ ਦੇ ਕੰਮ ਨਹੀਂ ਆਉਂਦੀਆਂ ਕਿਉਂਕਿ ਇਨ੍ਹਾਂ ਅੰਦਰ ਕਈ ਤਰ੍ਹਾਂ ਦੇ ਕੈਮੀਕਲ ਪਾਏ ਜਾਂਦੇ ਹਨ।

ਤਲਾਅ ਦੀਆਂ ਮੱਛੀਆਂ ਬਹੁਤ ਹੀ ਆਕਰਸ਼ਿਤ ਤੇ ਸੁੰਦਰ ਹੁੰਦੀਆਂ ਹਨ। ਇਹ ਰੰਗ ਦੀਆਂ ਸੋਹਣੀਆਂ ਪਰ ਸੁਭਾਅ ਦੀਆਂ ਜ਼ਹਿਰੀਲੀਆਂ ਹੁੰਦੀਆਂ ਹਨ। ਇਹ ਮੰਡੀ ਵਿੱਚ ਅਉਂਦੀਆਂ ਹੀ ਧੜਾਧੜ ਵਿਕਦੀਆਂ ਹਨ। ਇਨ੍ਹਾਂ ਨੂੰ ਵੇਚਣ ਵਾਲੇ ਇਨ੍ਹਾਂ ਨੂੰ ਹੋਰਨਾਂ ਮੱਛੀਆਂ ਦੇ ਉੱਪਰ ਰੱਖਦੇ ਹਨ। ਇਹ ਕਰੰਟ ਵੀ ਮਾਰਦੀਆਂ ਹਨ ਅਤੇ ਉਤੇਜਨਾ ਵੀ ਜਗਾਉਂਦੀਆਂ ਹਨ। ਇਨ੍ਹਾਂ ਦੀ ਤਸੀਰ ਗਰਮ ਹੁੰਦੀ ਹੈ। ਇਨ੍ਹਾਂ ਮੱਛੀਆਂ ਨੂੰ ਨੌਜਵਾਨ ਪੀੜ੍ਹੀ ਬੜੇ ਹੀ ਸੁਆਦ ਨਾਲ ਖਾਂਦੀ ਹੈ ਤੇ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੀ ਹੈ।

ਝੀਲ ਦੀਆਂ ਮੱਛੀਆਂ ਦਾ ਮਾਸ ਵੀ ਚੰਗਾ ਹੁੰਦਾ ਹੈ ਕਿਉਂਕਿ ਝੀਲ ਕਿਸੇ ਦਰਿਆ ਤੋਂ ਬਣੀ ਹੁੰਦੀ ਹੈ। ਝੀਲ ਦੀਆਂ ਮੱਛੀਆਂ ਦਾ ਸੁਭਾਅ ਬੜਾ ਸਾਊ ਕਿਸਮ ਦਾ ਹੁੰਦਾ ਹੈ, ਇਨ੍ਹਾਂ ਮੱਛੀਆਂ ਦਾ ਸ਼ਿਕਾਰ ਉਹ ਸ਼ਿਕਾਰੀ ਹੀ ਕਰਦੇ ਹਨ, ਜਿਹੜੇ ਝੀਲ ਤੱਕ ਪੁੱਜਣ ਦੇ ਮਾਹਿਰ ਹੁੰਦੇ ਹਨ। ਉਥੇ ਉਨ੍ਹਾਂ ਨੂੰ ਮਿਲਣ ਦੇ ਬਹਾਨੇ ਨਾਲ ਸੈਰ ਕਰ ਆਉਂਦੇ ਹਨ। ਆਪਣੀ ਝੋਲੀ ਭਰ ਲਿਆਉਂਦੇ ਹਨ।

ਨਹਿਰ ਦੀਆਂ ਮੱਛੀਆਂ ਗੁਲਗਲੇ ਵਰਗੀਆਂ ਹੁੰਦੀਆਂ ਹਨ। ਇਨ੍ਹਾਂ ਦੀ ਬਜ਼ਾਰ ਵਿੱਚ ਖ਼ੂਬ ਚਰਚਾ ਹੁੰਦੀ ਹੈ।

ਇਹ ਢਿੱਡ ਨੂੰ ਝੁਲਕਾ ਦੇਣ ਲਈ ਕਈ-ਕਈ ਕਿਲੋਮੀਟਰ ਨਹਿਰ ਵਿੱਚ ਇੱਧਰ-ਉੱਧਰ ਫਿਰਦੀਆਂ ਹਨ। ਇਹ ਮੌਕੇ-ਬੇ-ਮੌਕੇ ਆਪਣੇ ਤੋਂ ਛੋਟੀ ਨੂੰ ਨਿਗਲਣ ਜਾਂ ਫੇਰ ਠਿੱਬੀ ਲਾਉਣ ਵਿੱਚ ਮਾਹਿਰ ਹੁੰਦੀਆਂ ਹਨ। ਇਹ ਨਹਿਰ ਕਿਨਾਰੇ ਅਕਸਰ ਹੀ ਚਰਚਾ ਕਰਦੀਆਂ ਤੁਹਾਨੂੰ ਮਿਲ ਸਕਦੀਆਂ ਹਨ। ਝੀਲ, ਤਲਾਅ, ਟੋਬੇ ਦੀਆਂ ਮੱਛੀਆਂ ਅਕਸਰ ਵੱਡੀਆਂ ਵੋਟਾਂ ਵੇਲੇ ਨਿਕਲਦੀਆਂ ਹਨ।

ਦਰਿਆਈ ਮੱਛੀਆਂ ਬਹੁਤ ਘੱਟ ਮਿਲਦੀਆਂ ਹਨ। ਇਨ੍ਹਾਂ ਦੀ ਸ਼ਬਦਾਵਲੀ ਜ਼ਾਇਕੇਦਾਰ, ਛੱਲਿਆਂ ਵਰਗੀ ਹੁੰਦੀ ਹੈ। ਇਹ ਮਾਰਕੀਟ ਵਿੱਚ ਬਹੁਤ ਘੂੰਮ ਫਿਰ ਕੇ ਲੱਭਣੀਆਂ ਪੈਂਦੀਆਂ ਹਨ। ਕਿਉਂਕਿ ਇਹ ਉਹ ਮੱਛੀਆਂ ਹਨ, ਜਿੰਨ੍ਹਾਂ ਜ਼ਿੰਦਗੀ ਦੀਆਂ ਕਈ ਰੁੱਤਾਂ ਦੇਖੀਆਂ ਤੇ ਝੱਖੜ ਝੁੱਲੇ ਹੁੰਦੇ ਹਨ। ਇਨ੍ਹਾਂ ਦੀ ਹਰ ਚੀਜ਼ ਕਿਸੇ ਨਾ ਕਿਸੇ ਦੇ ਕੰਮ ਆਉਂਦੀ ਹੈ।

ਉੱਡਣ-ਖਟੋਲਿਆਂ ਉੱਤੇ ਉਧਰੋ-ਇਧਰ ਆਉਂਦੀਆਂ ਮੱਛੀਆਂ ਉਹ ਹੁੰਦੀਆਂ ਹਨ, ਜਿਹੜੀਆਂ ਹੁੰਦੀਆਂ ਤਾਂ ਪਿੰਡਾਂ ਦੇ ਟੋਬਿਆਂ, ਤਲਾਅ ਦੀਆਂ ਮੱਛੀਆਂ ਹੀ, ਪਰ ਉਹ ਆਪਣੀ ਸ਼ਕਤੀ ਨਾਲ ਉੱਡਣ-ਖਟੋਲਿਆਂ ਉੱਤੇ ਉੱਡ ਕੇ ਦੂਰ-ਦੁਰਾਡੇ ਚਲੇ ਜਾਂਦੀਆਂ ਹਨ। ਇਹ ਮੱਛੀਆਂ ਜਦੋਂ ਬਰਫ਼ ਪੈਂਦੀ ਹੈ ਤਾਂ ਕੂੰਜਾਂ ਵਾਂਗ ਗਰਮ ਇਲਾਕਿਆਂ ਵਿੱਚ ਚਲੀਆਂ ਜਾਂਦੀਆਂ ਹਨ। ਇਹ ਆਲੋਚਕਾਂ ਤੇ ਪ੍ਰਕਾਸ਼ਕਾਂ ਦੀਆਂ ਰੋਸਣੀਆਂ ਵਿੱਚ ਤਲੀਆਂ ਜਾਂਦੀਆਂ ਹਨ। ਬਜ਼ਾਰ ਵਿੱਚ ਇਨ੍ਹਾਂ ਨੂੰ ਸੁਨਹਿਰੀ ਵਰਕ ਲਾ ਕੇ ਵੇਚਿਆ ਜਾਂਦਾ ਹੈ। ਇਨ੍ਹਾਂ ਵਿਚੋਂ ਕੁੱਝ ਮੱਛੀਆਂ ਦਾ 'ਮਾਸ' ਸਚਮੁੱਚ 'ਚੰਗਾ' ਹੈ। ਪਰ ਬਹੁਤੀਆਂ ਚਾਂਦੀ ਦੇ ਵਰਕ ਵਿੱਚ ਲਿਪਟ ਕੇ ਵਿਕਣ ਦੀ ਅਸਫ਼ਲ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ, ਪਰ ਮਾਰਕੀਟ ਵਿੱਚ ਉਨ੍ਹਾਂ ਦਾ ਕੋਈ ਖ਼ਰੀਦਦਾਰ ਨਹੀਂ ਹੁੰਦਾ।

ਇਹ ਮੱਛੀਆਂ ਅਕਸਰ ਹੀ ਗਿਫ਼ਟ ਦੇ ਰੂਪ ਵਿੱਚ ਇੱਧਰ-ਉੱਧਰ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਮੱਛੀਆਂ ਦੀ ਚਰਚਾ ਕਰਨ ਤੇ ਕਰਵਾਉਣ ਵਾਲਿਆਂ ਦੀ ਇੱਕ ਕੰਪਨੀ ਹੈ। ਇਸ ਕੰਪਨੀ ਵਿੱਚ ਹਰ ਵਰਗ ਸ਼ਾਮਿਲ ਹੈ। ਉਹ ਪਿੰਡਾਂ, ਸ਼ਹਿਰਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਇਨ੍ਹਾਂ ਮੱਛੀਆਂ ਉੱਪਰ ਚਰਚਾ ਕਰਵਾਉਣ ਦਾ ਪ੍ਰਬੰਧ ਹੀ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਮਾਨ-ਸਨਮਾਨ ਵੀ ਬਖ਼ਸ਼ਦੇ ਹਨ। ਇਨ੍ਹਾਂ ਮੱਛੀਆਂ ਨੇ ਆਪੋ-ਆਪਣੇ ਅੱਡੇ ਬਣਾਏ ਹੋਏ ਹਨ। ਅੱਡਿਆਂ ਵਾਲੇ ਹੀ ਉਨ੍ਹਾਂ ਦੀ ਆਓ-ਭਗਤ ਕਰਦੇ ਤੇ ਵੇਚ-ਵਟਕ ਕਰਵਾਉਂਦੇ ਹਨ।

ਕੁੱਝ ਮੱਛੀਆਂ ਉਹ ਹਨ, ਜਿਹੜੀਆਂ ਜੁਗਾੜਬੰਦੀ ਦੇ ਸਿਰ 'ਤੇ ਚਾਰੇ ਪਾਸੇ ਚਰਚਾ ਵਿੱਚ ਹਨ। ਇਨ੍ਹਾਂ ਦੀ ਇੱਥੇ ਵੀ ਕਿਧਰੇ ਘੁੰਡੀ ਅੜਕਦੀ ਹੈ-ਫਸਾਉਣ ਦਾ ਯਤਨ ਕਰਦੀਆਂ ਹਨ। ਇਨ੍ਹਾਂ ਮੱਛੀਆਂ ਦੀ ਸਰਕਾਰੇ-ਦਰਬਾਰੇ ਪੂਰੀ ਚੜ੍ਹਾਈ ਹੁੰਦੀ ਹੈ। ਜੇ ਇਨ੍ਹਾਂ ਮੱਛੀਆਂ ਦੇ ਢਿੱਡ ਫਰੋਲ ਕੇ ਦੇਖੋ ਤਾਂ ਦੁਨੀਆਂ ਭਰ ਦਾ ਹਰ ਤਰ੍ਹਾਂ ਦਾ ਮੁਸ਼ਕ ਉਥੋਂ ਮਿਲ ਸਕਦਾ ਹੈ।

ਸਮੁੰਦਰ ਦੀਆਂ ਮੱਛੀਆਂ ਉਹ ਹੁੰਦੀਆਂ ਹਨ, ਜਿੰਨ੍ਹਾਂ ਵਿੱਚ ਸਮੁੰਦਰ ਵਰਗੀ ਡੂੰਘਾਈ ਹੁੰਦੀ ਹੈ ਤੇ ਵਿਸ਼ਾਲ ਅਨੁਭਵ ਹੁੰਦਾ ਹੈ। ਸੂਰਜ ਵਾਂਗ ਚੌਵੀ ਘੰਟੇ ਲਿਸ਼ਕ ਮਾਰਨ ਦੀ ਸਮਰੱਥਾ ਰੱਖਦੀਆਂ ਹਨ। ਇਨ੍ਹਾਂ ਮੱਛੀਆਂ ਨੂੰ ਹਰ ਥਾਂ ਬੜੇ ਮਾਣ ਤੇ ਸਤਿਕਾਰ ਨਾਲ ਪਰੋਸਿਆ ਜਾਂਦਾ ਹੈ। ਇਨ੍ਹਾਂ ਮੱਛੀਆਂ ਦੀ ਹਾਲਤ ਉਹ ਬੁੱਢੇ ਮਛੇਰੇ ਵਰਗੀ ਹੋ ਜਾਂਦੀ ਹੈ ਜੋ ਮੱਛੀਆਂ ਦੀ ਤਲਾਸ਼ ਵਿੱਚ ਖੁਦ ਮੱਛੀ ਹੋ ਜਾਂਦਾ ਹੈ। ਇਨ੍ਹਾਂ ਮੱਛੀਆਂ ਦੀ ਸਦਾ ਹੀ ਮੰਗ ਰਹਿੰਦੀ ਹੈ। ਇਹ ਹਰ ਥਾਂ 'ਤੇ ਮਿਲ ਸਕਦੀਆਂ ਹਨ।

ਝੀਲ ਦੀਆਂ ਮੱਛੀਆਂ ਤਾਂ ਕਿਸੇ ਕਾਲਜ ਵਿੱਚ ਫੈਕਲਟੀ ਜਾਂ ਐਡਹਾਕ ਲੱਗੇ ਕਿਸੇ ਅਸਿਸਟੈਂਟ ਵਰਗੀਆਂ ਹੁੰਦੀਆਂ ਹਨ। ਜਿਹੜੀਆਂ ਆਪਣੇ ਨਾਂ ਅੱਗੇ ਪ੍ਰੋਫੈਸਰ ਲਿਖਣਾ ਕਦੇ ਨਹੀਂ ਭੁੱਲਦੀਆਂ। ਪਰ ਉਨ੍ਹਾਂ ਦੇ ਪੱਲੇ ਕੁੱਝ ਨਹੀਂ ਹੁੰਦਾ ਤੇ ਨਾ ਪੈਦਾ । ਉਨ੍ਹਾਂ ਦੀ ਗਿਣਤੀ ਨਾ ਤਿੰਨਾਂ ਵਿੱਚ, ਨਾ ਤੇਰਾਂ ਵਿੱਚ ਹੁੰਦੀ ਹੈ। ਇਹ ਝੁੰਡ ਬਣਾ ਕੇ, ਸਮੁੰਦਰੀ ਮੱਛੀ ਦੇ ਨਾਂ ਹੇਠ ਝੀਲ ਦੁਆਲੇ ਮੀਟਿੰਗਾਂ ਕਰਦੀਆਂ ਹਨ। ਆਪੋ-ਆਪਣੀਆਂ ਰਚਨਾਵਾਂ ਸੁਣਾ ਕੇ ਭੜਾਸ ਕੱਢਦੀਆਂ ਹਨ। ਇਹੋ ਜਿਹੀਆਂ ਮੱਛੀਆਂ ਹਰ ਸ਼ਹਿਰ ਵਿੱਚ ਮਿਲਦੀਆਂ ਹਨ। ਵੱਡੇ ਸ਼ਹਿਰਾਂ ਵਿੱਚ ਇਨ੍ਹਾਂ ਦੀ ਗਿਣਤੀ 'ਚ ਨਿਰੰਤਰ ਵਾਧਾ ਹੋ ਰਿਹਾ ਹੈ।

ਕੁੱਝ ਮੱਛੀਆਂ ਦੇ ਗਲ ਵਿੱਚ ਲਾਲ ਰੰਗ ਦੀ ਗਾਨੀ ਹੁੰਦੀ ਹੈ। ਉਹ ਗਾਨੀ ਕਿਸੇ ਮਿੱਤਰ ਵੱਲੋਂ ਦਿੱਤੀ ਨਿਸ਼ਾਨੀ ਨਹੀਂ, ਪਾਰਟੀ ਵੱਲੋਂ ਪਾਇਆ ਕੜਾ ਹੁੰਦਾ ਹੈ। ਕੜੇ ਦੀ ਡੋਰ ਪਾਰਟੀ ਦਫ਼ਤਰ ਹੁੰਦੀ ਹੈ। ਉਹ ਡੋਰ ਜਦੋਂ ਹਿੱਲਦੀ ਹੈ, ਮੱਛੀ ਉਹੀ ਕੁੱਝ ਕਰਦੀ ਹੈ। ਇਹ ਗਾਨੀ ਗਰਮ ਤਾਰ ਕਰਕੇ ਲਾਲ ਰੰਗ ਵਿੱਚ ਲਬੇੜ ਕੇ ਮੱਛੀ ਦੇ ਗਲ ਵਿੱਚ ਪਾਈ ਜਾਂਦੀ ਹੈ, ਜਿਹੜੀ ਕਿ ਮੱਛੀ ਦੇ ਗਲ ਵਿੱਚ ਖੁੱਭ ਜਾਂਦੀ ਹੈ, ਇਹ ਇਸ ਕਰਕੇ ਪਾਈ ਜਾਂਦੀ ਹੈ ਕਿ ਮੱਛੀ ਹੋਰ ਕੁੱਝ ਨਾ ਗਲ ਥਾਣੀ ਲੰਘਾ ਸਕੇ।

ਇਹ ਮੱਛੀਆਂ 'ਕੈਮਲੂਪਸ ਦੀਆਂ ਮੱਛੀਆਂ' ਵਾਂਗ ਪਾਰਟੀ ਦਫ਼ਤਰ ਵਿੱਚ ਹੀ ਜੰਮਦੀਆਂ ਤੇ ਉਥੇ ਹੀ ਮਰ ਜਾਂਦੀਆਂ ਹਨ। ਵੱਡੀ ਮੱਛੀ ਕਿਸੇ ਵੀ ਛੋਟੀ ਮੱਛੀ ਨੂੰ ਕੜਾਹੀ ਜਾਂ ਤੰਦੂਰ ਵਿੱਚ ਭੁੰਨਣ ਦੀ ਸ਼ਕਤੀ ਆਪਣੀ ਕੋਲ ਰਾਖਵੀਂ ਰੱਖਦੀ ਹੈ। ਅੱਜਕਲ੍ਹ ਇਨ੍ਹਾਂ ਮੱਛੀਆਂ ਦੀ ਗਿਣਤੀ ਵਿੱਚ ਗਿਰਾਵਟ ਆ ਰਹੀ ਹੈ ਕਿਉਂਕਿ ਬਹੁਤੀਆਂ ਮੱਛੀਆਂ ਨੇ ਗਾਨੀ ਤਾਂ ਲਾਲ ਪਾਈ ਹੁੰਦੀ ਹੈ, ਪਰ ਉਹ ਕੰਮ ਕਿਸੇ ਹੋਰ ਪਾਰਟੀ ਲਈ ਕਰਦੀਆਂ ਹਨ। ਇਹ ਕਿਸੇ ਨੂੰ ਬਲੀ ਚਾੜ੍ਹ ਸਕਦੀਆਂ ਹਨ, ਕਿਸੇ ਦੀ ਬਲੀ ਲੈ ਸਕਦੀਆਂ ਹਨ।

ਬਜ਼ਾਰ ਵਿੱਚ ਪਿੰਡਾਂ, ਸ਼ਹਿਰਾਂ ਤੇ ਟੋਭਿਆਂ ਤੇ ਤਲਾਅ ਦੀਆਂ ਮੱਛੀਆਂ ਦੀ ਗਿਣਤੀ ਵੱਧ ਰਹੀ ਹੈ। ਇਨ੍ਹਾਂ ਮੱਛੀਆਂ ਵਿੱਚੋਂ ਇੱਕ ਅਜੀਬ ਤਰ੍ਹਾਂ ਦੀ ਬੋਅ ਆਉਂਦੀ ਹੈ, ਜਿਹੜੀ ਗ੍ਰਾਹਕ ਨੂੰ ਆਪਣੇ ਵੱਲ ਆਉਣ ਤੋਂ ਰੋਕਦੀ ਹੈ। ਪਰ ਮੱਛੀਆਂ ਦੇ 'ਵਪਾਰੀ' ਅਕਸਰ ਹੀ ਰੌਲਾ ਪਾਉਂਦੇ ਹਨ, ਮੱਛੀਆਂ ਦਾ ਕੋਈ ਖ਼ਰੀਦਦਾਰ ਨਹੀਂ ਪਰ ਮੱਛੀਆਂ ਦਾ ਵਪਾਰ ਕਰਨੋ ਨਹੀਂ ਹਟਦੇ।

ਉਝ ਅਕਸਰ ਹੀ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ। ਵੱਡੀਆਂ ਮੱਛੀਆਂ ਵਿੱਚ ਇੱਕ ਨੀਲੇ ਰੰਗ ਦੀਆਂ ਮੱਛੀਆਂ ਹੁੰਦੀਆਂ ਹਨ। ਜਿਹੜੀਆਂ ਇੱਕ ਖ਼ਾਸ ਕਾਜ ਲਈ ਮਾਰਕੀਟ ਵਿੱਚ ਮੁਫ਼ਤ ਵੰਡੀਆਂ ਜਾਂਦੀਆਂ ਹਨ। ਇਹ ਅਕਸਰ ਹੀ ਕਈ ਕਈ ਟਨ ਮੱਛੀਆਂ ਮੁਫ਼ਤ ਵੰਡਣ ਦਾ ਪ੍ਰਚਾਰ ਵੀ ਕਰਦੀਆਂ ਹਨ। ਇਨ੍ਹਾਂ ਮੱਛੀਆਂ ਦੇ ਵਿਚੋਂ ਉਹੀ ਮੁਸ਼ਕ ਆਉਂਦਾ ਹੈ, ਜੋ ਹੋਰਨਾਂ ਮੱਛੀਆਂ ਵਿਚੋਂ ਆਉਂਦਾ ਹੈ ਪਰ ਇਨ੍ਹਾਂ ਦਾ ਰੰਗ ਨੀਲਾ-ਪੀਲਾ ਹੋਣ ਕਰਕੇ ਕਈ ਵਾਰ ਸੰਸਕਾਰਾਂ ਵਿੱਚ ਉਲਝ ਕੇ ਚੁੱਕ ਲੈਂਦਾ ਹੈ। ਇਹ ਮੱਛੀਆਂ ਅਕਸਰ ਹੀ ਆਖਦੀਆਂ ਹਨ ਕਿ ਮਾਇਆ ਤੋਂ ਬਚੋ, ਨਸ਼ਿਆਂ ਤੋਂ ਬਚੋ, ਕਿਸੇ ਦਾ ਦਿਲ ਦੁਖੀ ਨਾ ਕਰੋ, ਨਾਮ ਦਾ ਸਿਮਰਨ ਕਰੋ, ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨੂੰ ਪਿਆਰ ਕਰੋ। ਪਰ ਆਪ ਇਹ ਸਭ ਕੁੱਝ ਨਹੀਂ ਕਰਦੀਆਂ ਹਨ। ਇਨ੍ਹਾਂ ਦੀ ਕਹਿਣੀ ਤੇ ਕਰਨੀ ਵਿੱਚ ਜ਼ਮੀਨ ਅਸਮਾਨ ਜਿੰਨਾਂ ਅੰਤਰ ਹੁੰਦਾ ਹੈ। ਇਹ ਮੱਛੀਆਂ ਅਕਸਰ ਹੀ ਵੱਡੀ ਭੀੜ ਇਕੱਠੀ ਕਰਕੇ, ਆਪਣੇ ਰਹਿਬਰਾਂ ਦਾ ਸਤਿਕਾਰ ਕਰਦੀਆਂ ਰਹਿੰਦੀਆਂ ਤੇ ਆਪਣੀਆਂ ਝੋਲੀਆਂ ਭਰਦੀਆਂ ਹਨ। ਵਿਦੇਸ਼ਾਂ ਵਿੱਚ ਚੱਕਰ ਲਾਉਂਦੀਆਂ ਹਨ। ਇਨ੍ਹਾਂ ਨੂੰ ਖੁਸ਼ਫਹਿਮੀ ਹੁੰਦੀ ਹੈ ਕਿ ਉਨ੍ਹਾਂ ਦੇ ਕੰਮ ਤੋਂ ਦੁਨੀਆ ਵਾਕਿਫ਼ ਨਹੀਂ, ਅਸਲ ਵਿੱਚ ਉਨ੍ਹਾਂ ਦੀਆਂ ਅੱਖਾਂ ਉੱਤੇ ਮਾਇਆ ਦੀ ਅਜਿਹੀ ਪਰਤ ਜੰਮੀ ਹੁੰਦੀ ਹੈ। ਉਨ੍ਹਾਂ ਨੂੰ ਉਸ ਤੋਂ ਬਿਨਾਂ ਕੁੱਝ ਦਿਖਦਾ ਹੀ ਨਹੀਂ। ਇਹ ਮੱਛੀਆਂ ਸਮਾਜ ਨੂੰ ਪੁੱਠਾ ਗੇੜਾ ਦੇਣ ਵਿੱਚ ਲੱਗੀਆਂ ਰਹਿੰਦੀਆਂ ਹਨ। ਭਲਾ ਉਨ੍ਹਾਂ ਨੂੰ ਕੋਈ ਪੁੱਛੇ, ਇ

ਜੇਕਰ ਤੁਸੀਂ ਬੱਚੇ ਬਾਰੇ ਮਨ ਬਣਾ ਲਿਆ ਹੈ ਤੁਸੀਂ ਅਤੇ ਤੁਹਾਡਾ ਆਉਣ ਵਾਲਾ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਰਹੇ, ਆਓ ਜਾਣੀਏ!

* ਇਕ ਤੋ ਜ਼ਿਆਦਾ ਗਰਭਪਾਤ ਹੋ ਚੁੱਕੇ ਹਨ ਤਾਂ ਡਾਕਟਰ ਦੀ ਸਲਾਹ ਲਵੋ * ਤੁਸੀਂ ਪੂਰੇ 9 ਮਹੀਨੇ ਤੱਕ ਆਪਣੇ ਬੱਚੇ ਲਈ ਪੌਸ਼ਟਿਕ ਆਹਾਰ ਲੈਣਾ ਹੈ
* ਗਰਭਕਾਲ ਮਹੀਨਿਆਂ ਵਿਚ ਨਹੀਂ ਹਫ਼ਤਿਆਂ ਵਿਚ ਨਾਪਦੇ ਨੇ ਡਾਕਟਰ * ਗਰਭਵਤੀ ਔਰਤਾਂ ਆਮ ਔਰਤਾਂ ਦੇ ਮੁਕਾਬਲੇ ਕਾਫ਼ੀ ਸਵਾਦਿਸ਼ਟ ਹੁੰਦੀਆਂ ਹਨ
* ਗਰਭ ਅਵਸਥਾ ਦੌਰਾਨ ਹਵਾਈ ਸਫ਼ਰ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ
* ਗਰਭ ਅਵਸਥਾ ਦੌਰਾਨ ਕੁਝ ਤਸਵੀਰਾਂ ਖਿਚਵਾ ਕੇ ਰੱਖੋ ਜਿਸ ਨੂੰ ਅੱਗੇ ਜਾ ਕੇ ਤੁਸੀਂ ਅਤੇ ਤੁਹਾਡਾ ਬੱਚਾ ਦੇਖ ਕੇ ਖ਼ੁਸ਼ ਹੋਵੋਗੇ



ਗੁਰਭਿੰਦਰ ਗੁਰੀ
±447951590424

ਔਰਤ ਦੀ ਜ਼ਿੰਦਗੀ ਵਿਚ ਗਰਭ ਅਵਸਥਾ ਇਕ ਅਜਿਹਾ ਸਫਰ ਹੁੰਦਾ ਹੈ, ਜੋ ਕਿ ਜੋਖ਼ਮ ਭਰਿਆ ਤਾਂ ਹੁੰਦਾ ਹੈ ਪਰ ਹੁੰਦਾ ਬਹੁਤ ਅਨੰਦਦਾਇਕ ਹੈ। ਇਸ ਸਮੇਂ ਦੌਰਾਨ ਔਰਤ ਨੂੰ ਆਪਣੇ ਅੰਦਰ ਪਲ ਰਹੇ ਨਵੇਂ ਜੀਵ ਬਾਰੇ ਨਿੱਤ ਨਵੀਆਂ ਗੱਲਾਂ ਦਾ ਪਤਾ ਚਲਦਾ ਹੈ ਅਤੇ ਉਹ ਆਪਣੇ ਪੇਟ ਵਿਚ ਪਲ ਰਹੇ ਬੱਚੇ ਨਾਲ ਵੀ ਗੱਲਾਂ ਕਰਦੀ ਰਹਿੰਦੀ ਹੈ। ਉਪਰੋਕਤ ਗੱਲਾਂ ਦਾ ਧਿਆਨ ਰੱਖ ਕੇ ਹਰ ਗਰਭਵਤੀ ਔਰਤ ਸਿਹਤਮੰਦ ਅਤੇ ਤੰਦਰੁਸਤ ਬੱਚੇ ਨੂੰ ਜਨਮ ਦੇ ਸਕਦੀ ਹੈ। ਗਰਭ ਅਵਸਥਾ ਉਸ ਨੂੰ ਕਹਿੰਦੇ ਹਨ ਜਿਸ ਵਿਚ ਇਕ ਔਰਤ ਬੱਚੇ ਨੂੰ ਜਨਮ ਦਿੰਦੀ ਹੈ ਇਹ ਔਰਤ ਅਤੇ ਮਰਦ ਦੇ ਸਰੀਰਕ ਸਬੰਧਾਂ ਨਾਲ ਜਾਂ ਸਹਾਇਤਾ ਪ੍ਰਜਣਨ ਤਕਨਾਲੋਜੀ ਦੁਆਰਾ ਹੋ ਸਕਦੀ ਹੈ ਜਿਸ ਨੂੰ ਗਰਭ ਅਵਸਥਾ ਕਹਿੰਦੇ ਹਨ

ਜੇਕਰ ਤੁਸੀਂ ਬੱਚੇ ਬਾਰੇ ਮਨ ਬਣਾ ਲਿਆ ਹੈ ਤੁਸੀਂ ਅਤੇ ਤੁਹਾਡਾ ਆਉਣ ਵਾਲਾ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਰਹੇ ਗਰਭ ਧਾਰਨ ਕਰਨ ਤੋਂ ਪਹਿਲਾਂ ਲੇਡੀ ਡਾਕਟਰ ਨੂੰ ਮਿਲ ਕੇ ਇਹ ਸਲਾਹ ਕਰ ਸਕਦੇ ਹੋ ਕੀ ਗਰਭ ਅਵਸਥਾ ਦੌਰਾਨ ਖਾਣ ਵਾਲੀਆਂ ਦਵਾਈਆਂ ਅਤੇ ਗਰਭ ਅਵਸਥਾ ਵਿਚ ਭੋਜਨ ਵਿੱਚ ਕੀ ਨਹੀਂ ਖਾਣਾ ਤੇ ਕੀ ਨਹੀਂ ਖਾਣਾ ਚਾਹੀਦਾ ਤੁਹਾਡੀਆਂ ਆਦਤਾਂ ਜੀਵਨਸ਼ੈਲੀ ਟੀਕਾਕਰਨ ਦੀ ਸਲਾਹ ਸਮੇਂ ਸਮੇਂ ਇਹ ਲੇਡੀ ਡਾਕਟਰ ਤੁਹਾਨੂੰ ਦਿੰਦੀ ਰਹਿੰਦੀ ਹੈ ਜੇਕਰ ਤੁਸੀਂ ਬੱਚਾ ਲੈਣ ਬਾਰੇ ਸੋਚ ਹੀ ਲਿਆ ਹੈ ਤਾਂ ਤੁਸੀਂ ਹੁਣੇ ਹੀ ਆਪਣੇ ਡਾਕਟਰ ਦੀ ਚੋਣ ਕਰ ਲਓ ਤਾਂ ਕਿ ਤੁਹਾਨੂੰ ਅੱਗੇ ਜਾ ਕੇ ਕੋਈ ਪਰੇਸ਼ਾਨੀ ਨਾ ਆਵੇ। ਗਰਭ ਧਾਰਨ ਕਰਨ ਤੋਂ ਪਹਿਲਾਂ ਤੁਸੀਂ ਦੰਦਾਂ ਦੇ ਡਾਕਟਰ ਕੋਲ ਜਾ ਕੇ ਆਪਣੇ ਦੰਦਾਂ ਅਤੇ ਮਸੂੜਿਆਂ ਦੀ ਚੰਗੀ ਤਰ੍ਹਾਂ ਜਾਂਚ ਕਰਵਾਓ ਗਰਭ ਧਾਰਨ ਹੋਣ ਤੇ ਤੁਸੀਂ ਦੰਦਾਂ ਦੀ ਕੋਈ ਸਰਜਰੀ ਨਹੀਂ ਕਰਵਾ ਸਕਦੇ ਜੇ ਤੁਹਾਨੂੰ ਪਹਿਲਾਂ ਕਦੇ ਗਰਭ ਧਾਰਨ ਵਿੱਚ ਕੋਈ ਪ੍ਰੇਸ਼ਾਨੀ ਆਈ ਸੀ ਇਕ ਤੋਂ ਜ਼ਿਆਦਾ ਗਰਭਪਾਤ ਹੋ ਚੁੱਕੇ ਹਨ ਤਾਂ ਆਪਣੀ ਡਾਕਟਰ ਨੂੰ ਦੱਸੋ ਸਲਾਹ ਕਰੋ ਤਾਂ ਕਿ ਕੋਈ ਅੱਗੋ ਪਰੇਸ਼ਾਨੀ ਦੁਬਾਰਾ ਨਾ ਆਵੇ ਤੁਹਾਨੂੰ ਆਪਣੀ ਅਤੇ ਆਪਣੇ ਪਤੀ ਦੀ ਫੈਮਿਲੀ ਨੂੰ ਵੇਖ ਕੇ ਪਤਾ ਲਗਾਉਣਾ ਪਵੇਗਾ ਕਿ ਕੋਈ ਖਾਨਦਾਨੀ ਰੋਗ ਤਾਂ ਨਹੀਂ ਹੈ ਜੇਕਰ ਤੁਸੀਂ ਲੰਮੇ ਸਮੇਂ ਤੱਕ ਗਰਭਵਤੀ ਨਹੀਂ ਹੋ ਸਕੇ ਤਾਂ ....ਡਾ ਦੀ ਸਲਾਹ ਲਵੋ। ਗਰਭ ਅਵਸਥਾ ਦੌਰਾਨ ਤੁਹਾਨੂੰ ਕੁਝ ਟੈਸਟਾਂ ਲਈ ਵੀ ਤਿਆਰ ਰਹਿਣਾ ਪਵੇਗਾ ਸਕੈਨਿੰਗ. ਥਾਇਰਾਇਡ, ਹੈਪੇਟਾਇਟਸ, ਐਂਟੀਬਾਡੀਜ਼ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਯੌਨੀ ਸੰਬੰਧੀ ਰੋਗ ਜੇਕਰ ਜਾਂਚ ਦੌਰਾਨ ਕਿਸੇ ਰੋਗ ਦਾ ਪਤਾ ਲੱਗੇ ਤਾਂ ਤੁਰੰਤ ਇਲਾਜ ਕਰਵਾ ਲਓ ਸੰਤੁਲਿਤ ਭੋਜਨ ਖਾਓ ਜਣੇਪੇ ਤੋਂ ਪਹਿਲਾਂ ਵਿਟਾਮਿਨ ਜ਼ਰੂਰ ਲਵੋ ਜੇਕਰ ਤੁਹਾਡਾ ਭਾਰ ਵਧ ਜਾਂ ਘਟ ਰਿਹਾ ਹੈ ਤਾਂ ਇਹ ਦੋਨੋਂ ਸਥਿਤੀਆਂ ਹੀ ਗਰਭ ਧਰਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਜੇਕਰ ਗਰਭ ਧਾਰਨ ਕਰ ਵੀ ਲਿਆ ਹੈ ਤਾਂ ਵੀ ਗਰਭ ਅਵਸਥਾ ਦੀਆਂ ਮੁਸ਼ਕਲਾਂ ਆ ਸਕਦੀਆਂ ਹਨ ਜ਼ਰੂਰਤ ਦੇ ਹਿਸਾਬ ਨਾਲ ਕੈਲੋਰੀ ਦੀ ਮਾਤਰਾ ਘਟਾਓ ਜਾਂ ਵਧਾਓ ਭਾਰ ਘਟਾਉਣਾ ਹੋਵੇ ਤਾਂ ਹੌਲੀ ਹੌਲੀ ਘਟਾਓ ਇਸ ਅਵਸਥਾ ਦੌਰਾਨ ਗਰਭ ਨੂੰ ਦੋ ਤਿੰਨ ਮਹੀਨੇ ਟਾਲ ਦਿਓ। ਅਸੰਤੁਲਿਤ ਡਾਈਟਿੰਗ ਨੁਕਸਾਨ ਪਹੁੰਚਾ ਸਕਦੀ ਹੈ, ਜੇਕਰ ਤੁਸੀਂ ਕਮਜ਼ੋਰ ਹੋ ਤਾਂ ਸੰਤੁਲਤ ਭੋਜਨ ਖਾਣਾ ਸ਼ੁਰੂ ਕਰ ਦਿਓ ਤਾਂ ਕਿ ਆਉਣ ਵਾਲਾ ਬੱਚਾ ਤੰਦਰੁਸਤ ਸਰੀਰ ਵਿੱਚ ਆਪਣੀ ਗ੍ਰੋਥ ਚੰਗੀ ਤਰ੍ਹਾਂ ਕਰ ਸਕੇ।

ਜੇਕਰ ਤੁਸੀਂ ਕਸਰਤ ਕਰਨ ਦੇ ਆਦੀ ਹੋ ਤਾਂ ਇਹ ਤੁਹਾਡੇ ਲਈ ਬਹੁਤ ਵਧੀਆ ਹੈ। ਕਸਰਤ ਕਰਨ ਨਾਲ ਤੁਹਾਡਾ ਭਾਰ ਘੱਟ ਹੋਵੇਗਾ ਅਤੇ ਮਾਸਪੇਸ਼ੀਆਂ ਲਚਕੀਲੀਆਂ ਹੋ ਜਾਣਗੀਆਂ ਜ਼ਿਆਦਾ ਕਸਰਤ ਕਰਨੀ ਵੀ ਮਾੜੀ ਹੈ। ਇਸ ਨਾਲ ਤੁਸੀਂ ਗਰਭ ਧਾਰਨ ਨਹੀਂ ਕਰ ਸਕੋਗੇ। ਕੁਝ ਦਵਾਈਆਂ ਵੀ ਅਜਿਹੀਆਂ ਹੁੰਦੀਆਂ ਹਨ ਜੋ ਗਰਭ ਅਵਸਥਾ ਤੋਂ ਪਹਿਲਾਂ ਜਾਂ ਬਾਅਦ ਵਿੱਚ ਲੈਣੀਆਂ ਖ਼ਤਰਨਾਕ ਹੁੰਦੀਆਂ ਹਨ ਜੇਕਰ ਤੁਸੀਂ ਵੀ ਕੋਈ ਦਵਾਈ ਖਾ ਰਹੇ ਹੋ ਤਾਂ ਤੁਰੰਤ ਡਾਕਟਰ ਦੀ ਸਲਾਹ ਲੈ ਲਵੋ ਹਰਬਲ ਦਵਾਈਆਂ ਕੁਦਰਤੀ ਮੰਨੀਆਂ ਜਾਂਦੀਆਂ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਸੁਰੱਖਿਅਤ ਹੋਣਗੀਆਂ ਗਰਭ ਅਵਸਥਾ ਦੌਰਾਨ ਹਰਬਲ ਦਵਾਈਆਂ ਵੀ ਡਾਕਟਰ ਦੀ ਸਲਾਹ ਤੋਂ ਬਗੈਰ ਨਾ ਲਓ। ਕੈਫੀਨ ਦੀ ਮਾਤਰਾ ਨਾਲ ਲਓ। ਕੌਫ਼ੀ ਤੇ ਚਾਹ ਦੀ ਮਾਤਰਾ ਵੀ ਘੱਟ ਕਰ ਦਿਓ ਜੇਕਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਇਸ ਨੂੰ ਵੀ ਪੀਣਾ ਵੀ ਬੰਦ ਕਰ ਦਿਓ, ਅਲਕੋਹਲ ਪੀਣ ਨਾਲ ਗਰਭ ਧਾਰਨ ਕਰਨ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਅਜਿਹੀ ਸਥਿਤੀ ਵਿੱਚ ਤੰਬਾਕੂ ਖਾਣਾ ਬਿਲਕੁਲ ਛੱਡ ਦਿਓ ਰੇਡੀਏਸ਼ਨ ਤੋਂ ਆਪਣਾ ਬਚਾਓ ਕਰੋ ਰਸਾਇਣਾਂ ਤੋਂ ਵੀ ਆਪਣਾ ਬਚਾਅ ਕਰਨਾ ਚਾਹੀਦਾ ਹੈ।

ਗਰਭ ਧਾਰਨ

ਹਰ ਰੋਜ਼ ਸੈਕਸ ਕਰਨ ਨਾਲ ਸਪਰਮ ਦੀ ਗਿਣਤੀ ਘੱਟ ਹੁੰਦੀ ਹੈ ਇਸ ਕਰਕੇ ਗਰਭ ਧਾਰਨ ਕਰਨਾ ਔਖਾ ਹੋ ਸਕਦਾ ਹੈ। ਜੇਕਰ ਤੁਸੀਂ ਕੋਈ ਖਿਡਾਰੀ ਹੋ ਜਿਵੇਂ ਕਿ ਫੁੱਟਬਾਲ, ਹਾਕੀ, ਬੇਸਬਾਲ, ਕਬੱਡੀ, ਘੋੜ ਸਵਾਰੀ .ਖੇਡਦੇ ਹੋ ਤਾਂ ਧਿਆਨ ਨਾਲ ਆਪਣੇ ਜਨਣ ਅੰਗਾਂ ਦੀ ਸੁਰੱਖਿਆ ਕਰੋ। ਸਾਈਕਲ ਚਲਾਉਂਦੇ ਸਮੇਂ ਵੀ ਸਾਈਕਲ ਦੀ ਸੀਟ ਦਾ ਦਬਾਅ ਪੈਣ ਨਾਲ ਕਈ ਧਮਣੀਆਂ ਨੂੰ ਨੁਕਸਾਨ ਹੁੰਦਾ ਹੈ। ਅਜਿਹਾ ਕਰਦੇ ਸਮੇਂ ਜਨ ਅੰਗਾਂ ਵਿੱਚ ਕੁਝ ਝੁੰਜਲਾਹਟ ਅਤੇ ਸੁੰਨ ਹੋਣ ਤੇ ਤੁਰੰਤ ਡਾਕਟਰ ਨੂੰ ਮਿਲੋ ਆਪਣੇ ਆਪ ਨੂੰ ਸ਼ਾਂਤ ਰੱਖੋ ਤਣਾਅਮੁਕਤ ਰਹੋ ਨਤੀਜੇ ਉਨੀ ਜਲਦੀ ਸਾਹਮਣੇ ਆਉਣਗੇ।

ਗਰਭਵਤੀ ਹੋਣ ਦੀਆਂ ਨਿਸ਼ਾਨੀਆਂ

ਮਹਾਂਵਾਰੀ ਦਾ ਨਾ ਆਉਣਾ, ਛਾਤੀ ਦਾ ਨਰਮ/ਨਾਜ਼ੁਕ, ਦਿਲ ਦਾ ਕੱਚਾ ਹੋਣਾ ਤੇ ਉਲਟੀਆ ਆਉਣਾ, ਥਕਾਵਟ ਮਹਿਸੂਸ ਹੋਣਾ, ਬਾਰ-ਬਾਰ ਪੇਸ਼ਾਬ ਦਾ ਆਉਣਾ, ਸਵਾਦ ਤੇ ਸੁਘੰਧ ਵਿਚ ਫਰਕ ਮਹਿਸੂਸ ਹੋਣਾ, ਕਬਜ਼ ਹੋਣਾ।

9 ਮਹੀਨੇ ਤੇ ਖਾਣ ਪੀਣ

ਆਓ ਤੁਹਾਨੂੰ ਦੱਸ ਦਿਆਂ ਕਿ ਨੌਂ ਮਹੀਨੇ ਅਤੇ ਤੁਹਾਡਾ ਖਾਣ ਪੀਣ ਕਿਹੋ ਜਿਹਾ ਹੋਣਾ ਚਾਹੀਦਾ ਹੈ ਹੁਣ ਤੁਹਾਡੇ ਪੇਟ ਅੰਦਰ ਇਕ ਨੰਨ੍ਹਾ ਜਿਹਾ ਬੱਚਾ ਪਲ ਰਿਹਾ ਹੈ ਤੁਸੀਂ ਪੂਰੇ ਨੌਂ ਮਹੀਨੇ ਤੱਕ ਆਪਣੇ ਬੱਚੇ ਲਈ ਪੌਸ਼ਟਿਕ ਆਹਾਰ ਲੈਣਾ ਹੈ। ਜਦੋਂ ਵੀ ਤੁਸੀਂ ਕੁਝ ਖਾਓ ਪੀਵੋ ਤਾਂ ਤੁਸੀਂ ਆਪਣੇ ਬੱਚੇ ਸਬੰਧੀ ਸੋਚੋ। ਜੇਕਰ ਤੁਸੀਂ ਭੁੱਖੇ ਰਹੋਗੇ ਤਾਂ ਤੁਹਾਡਾ ਬੱਚਾ ਵੀ ਭੁੱਖਾ ਰਹਿ ਜਾਵੇਗਾ ਦੁੱਧ ਦਹੀਂ ਅਨਾਜ ਸਬਜ਼ੀਆਂ ਖਾਓ ਤੁਹਾਨੂੰ ਹਰ ਰੋਜ਼ 300 ਕੈਲਰੀ ਤੋਂ ਵੱਧ ਲੋੜ ਪੈਣੀ ਹੈ ਤੁਹਾਡੇ ਹਾਰਮੋਨ ਵਿਚ ਬਦਲਾਅ ਵੀ ਆਵੇਗਾ। ਚਿੰਤਾ ਨਾ ਕਰੋ ਕਈ ਔਰਤਾਂ ਗਰਭਵਤੀ ਅਵਸਥਾ ਦੌਰਾਨ ਚਿੰਤਤ ਰਹਿੰਦੀਆਂ ਹਨ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਆਪਣੇ ਮਨ ਦੀ ਬਾਤ ਆਪਣੇ ਪਤੀ ਨਾਲ ਹਰ ਰੋਜ਼ ਸਾਂਝੀ ਕਰੋ ਕੋਈ ਪ੍ਰੇਸ਼ਾਨੀ ਹੈ ਤਾਂ ਡਾਕਟਰ ਨੂੰ ਦੱਸੋ।

ਗਰਭਪਾਤ ਹੋਣ ਦੇ ਲੱਛਣ

ਆਓ ਤੁਹਾਨੂੰ ਦੱਸਦੇ ਹਾਂ ਗਰਭਪਾਤ ਹੋਣ ਦੇ ਲੱਛਣ, ਜਦੋਂ ਤੁਹਾਡੇ ਪੇਟ ਦੇ ਹੇਠਲੇ ਹਿੱਸੇ ਵਿਚ ਦਰਦ ਨਾਲ ਖ਼ੂਨ ਰਿਸਦਾ ਹੋਵੇ ਇਕ ਦਿਨ ਤੋਂ ਵੱਧ ਤੇਜ਼ ਦਰਦ ਹਲਕਾ ਖ਼ੂਨ ਦੋ ਚਾਰ ਦਿਨ ਤੱਕ ਰਿਸਦਾ ਰਹੇ। ਹਲਕਾ ਸਲੇਟੀ ਜਾਂ ਗੁਲਾਬੀ ਰਸਾਅ ਹੋਵੇ ਤਾਂ ਸਮਝ ਲਓ ਗਰਭਪਾਤ ਸ਼ੁਰੂ ਹੋ ਗਿਆ ਹੈ। ਅਜਿਹੇ ਟੈਮ ਤੁਸੀਂ ਡਾਕਟਰ ਕੋਲ ਤੁਰੰਤ ਜਾਓ।

ਗਰਭਕਾਲ ਮਹੀਨਿਆਂ ਵਿੱਚ ਨਹੀਂ ਹਫ਼ਤਿਆਂ ਵਿੱਚ ਨਾਪਦੇ ਨੇ ਡਾਕਟਰ

ਉਜ ਤਾਂ ਗਰਭਕਾਲ ਮਹੀਨਿਆਂ ਵਿਚ ਨਾਪਿਆ ਜਾਂਦਾ ਹੈ ਪ੍ਰੰਤੂ ਡਾਕਟਰ ਇਸ ਨੂੰ ਹਫ਼ਤਿਆਂ ਵਿੱਚ ਗਿਣਦੇ ਹਨ। ਗਰਭਕਾਲ ਦੌਰਾਨ ਤੁਸੀਂ ਇੱਕ ਤੋਂ ਚਾਰ ਹਫ਼ਤੇ ਤੱਕ ਦੇਖਣ ਵਿੱਚ ਗਰਭਵਤੀ ਨਹੀਂ ਲੱਗਦੇ ਪਰ ਮਹਿਸੂਸ ਹੋਣਾ ਤੁਹਾਨੂੰ ਲਾਜ਼ਮੀ ਹੈ। ਥਕਾਵਟ ਤੇ ਛਾਤੀ ਵਿਚ ਬਦਲਾਅ ਤੇ ਹੋਰ ਲੱਛਣ ਵੀ ਆਉਣੇ ਸ਼ੁਰੂ ਹੋ ਜਾਂਦੇ ਹਨ ਤੁਹਾਡੀ ਜੀਵਨ ਸ਼ੈਲੀ ਵਿੱਚ ਵੀ ਬਦਲਾਅ ਆਉਣਾ ਸ਼ੁਰੂ ਹੋ ਜਾਂਦਾ ਹੈ ਪਹਿਲੇ ਹਫ਼ਤੇ ਬੱਚਾ ਨਾ ਦੇਖਦਾ ਹੈ ਨਾ ਅੰਦਰ ਹੈ

ਦੂਸਰੇ ਹਫ਼ਤੇ ਦੌਰਾਨ ਬੱਚਾ ਤਾਂ ਅਜੇ ਵੀ ਨਹੀਂ ਬਣਿਆ ਹੁੰਦਾ ਪਰ ਤੁਹਾਡੀ ਓਵਰੀ ਦੇ ਫੈਲਕਨ ਪੱਕੇ ਹੋ ਰਹੇ ਹੁੰਦੇ ਹਨ। ਕੌਸ਼ਿਕ ਜੀਵ ਇਕ ਲੜਕਾ ਜਾਂ ਲੜਕੀ ਬਣਨ ਵਾਲਾ ਹੈ ਪ੍ਰੰਤੂ ਪਹਿਲਾਂ ਇਸ ਨੂੰ ਫੋਲੋਪਿਯੋਨ ਟਿਊਬ ਵਿਚ ਲੱਕੀ ਸਪਰਮ ਨਾਲ ਮਿਲਣਾ ਹੋਵੇਗਾ।

ਤੀਸਰੇ ਹਫ਼ਤੇ ਦੌਰਾਨ ਤੁਸੀਂ ਗਰਭ ਧਾਰਨ ਕਰ ਲਿਆ ਹੈ ਬਹੁਤ ਜਲਦੀ ਹੀ ਤੁਹਾਡੇ ਗਰਭ ਵਿਚ ਬੱਚਾ ਹੋਵੇਗਾ।

ਚੌਥੇ ਹਫ਼ਤੇ ਦੌਰਾਨ ਭਰੂਣ ਬਣ ਗਿਆ ਹੁੰਦਾ ਹੈ ਜੋ ਨੌਂ ਮਹੀਨੇ ਤੁਹਾਡੇ ਪੇਟ ਵਿੱਚ ਰਹਿੰਦਾ ਹੈ ਅਤੇ ਇੱਥੇ ਹੀ ਆਪਣੀ ਗ੍ਰੋਥ ਕਰਦਾ ਹੈ।

ਪੰਜਵੇਂ ਹਫ਼ਤੇ ਦੌਰਾਨ ਤੁਹਾਡਾ ਬੱਚਾ ਇਕ ਛੋਟਾ ਜਿਹਾ ਭਰੂਣ ਸੰਤਰੇ ਦੇ ਬੀਜ ਜਿਨ੍ਹਾਂ ਤਿਆਰ ਹੋ ਜਾਂਦਾ ਹੈ ਪਰ ਪਹਿਲਾਂ ਨਾਲੋਂ ਵੱਡਾ ਹੋਣ ਲੱਗਦਾ ਹੈ। ਦਿਲ ਵੀ ਆਪਣਾ ਆਕਾਰ ਲੈ ਲੈਂਦਾ ਹੈ।

ਛੇਵੇਂ ਹਫ਼ਤੇ ਦੌਰਾਨ ਬੱਚੇ ਦੇ ਜਬਾੜੇ ਗਲ ਕੰਨ ਬਣਨ ਲੱਗ ਜਾਂਦੇ ਹਨ ਚਿਹਰੇ ਤੇ ਛੋਟਾ ਛੇਕਾਂ ਵਿੱਚ ਅੱਖਾਂ ਬਣਨੀਆਂ ਕਿਡਨੀ ਲੀਵਰ ਫੇਫੜੇ ਵੀ ਆਪਣਾ ਆਕਾਰ ਬਣਾਉਣਾ ਸ਼ੁਰੂ ਕਰ ਦਿੰਦੇ ਹਨ। ਸਿਰ ਅੱਗੇ ਛੋਟਾ ਜਿਹਾ ਬਿੰਦੂ ਕੁਝ ਦਿਨਾਂ ਅੰਦਰ ਹੀ ਬਟਨ ਜਿੰਨੀ ਲੁੱਕ ਵਿਚ ਬਦਲ ਜਾਂਦਾ ਹੈ ਤੁਹਾਡੇ ਨੰਨ੍ਹੇ ਮੁੰਨੇ ਦਾ ਦਿਲ ਇਕ ਦਿਨ ਵਿਚ 80 ਵਾਰ ਧੜਕਦਾ ਹੈ ਹਰ ਰੋਜ਼ ਇਸ ਦੀ ਗਤੀ ਤੇਜ਼ ਹੁੰਦੀ ਹੈ। (ਚੱਲਦਾ)

ਕੈਨੇਡਾ ਜਾ ਕੇ ਬਦਲੇ ਤੇਵਰ, ਦਿੱਲੀ ਏਅਰਪੋਰਟ 'ਤੇ ਪੈਰ ਰੱਖਦੇ ਹੀ ਪੰਜਾਬ ਪੁਲਿਸ ਨੇ ਚੁੱਕਿਆ ਮੁੰਡਾ

ਸਹੁਰੇ ਵਾਲਿਆਂ ਨਾਲ 28 ਲੱਖ ਰੁਪਏ ਦੀ ਧੋਖਾਧੜੀ ਕਰਨ ਦੀਦੋਸ਼ੀ ਕੁੜੀ ਦੀ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰੀ ਤੋਂ ਬਾਅਦ ਇੱਕ ਹੋਰ ਅਜਿਹਾ ਮਾਮਲਾ ਸਾਹਮਣੇ ਆਇਆ ਹੈ। ਅਸਲ ਵਿੱਚ ਕੈਨੇਡਾ ਤੋਂ ਆਏ ਇੱਕ ਮੁੰਡੇ ਨੂੰ ਦਿੱਲੀ ਏਅਰਪੋਰਟ 'ਤੇ ਉਤਰਦੇ ਹੀ ਗ੍ਰਿਫਤਾਰ ਕਰ ਲਿਆ ਗਿਆ। ਜਾਣਕਾਰੀ ਮੁਤਾਬਕ ਉਕਤ ਮੁੰਡੇ ਦਾ ਵਿਆਹ ਨੂਰਮਹਿਲ ਦੀ ਇੱਕ ਕੁੜੀ ਨਾਲ ਹੋਇਆ ਸੀ। ਵਿਆਹ ਮਗਰੋਂ ਮੁੰਡੇ ਨੇ ਆਪਣੇ ਪੂਰੇ ਪਰਿਵਾਰ ਨੂੰ ਕੈਨੇਡਾ ਬੁਲਾ ਲਿਆ, ਪਰ ਜਦੋਂ ਪਤਨੀ ਦੀ ਵਾਰੀ ਆਈ ਤਾਂ ਉਸ ਨੇ ਕੁੜੀ ਦੇ ਪਰਿਵਾਰ ਨੂੰ ਫੋਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਤਰ੍ਹਾਂ-ਤਰ੍ਹਾਂ ਦੀਆਂ ਮੰਗਾਂ ਕਰਨੀਆਂ ਸ਼ੁਰੂ ਕਰ ਦਿੱਤੀ। ਮੁੰਡੇ ਨੇ ਕਿਹਾ ਕਿ ਪਹਿਲਾਂ ਉਸ ਨੂੰ 30 ਲੱਖ ਰੁਪਏ ਦਿਓ, ਫਿਰ ਉਹ ਉਸ ਦੀ ਕੁੜੀ ਨੂੰ ਕੈਨੇਡਾ ਲਿਜਾਏਗਾ। ਜਦੋਂ ਕੁੜੀ ਨੇ ਮੁੰਡੇ ਨਾਲ ਗੱਲ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਕੈਨੇਡਾ ਤੋਂ ਆਪਣੀ ਪਤਨੀ ਨੂੰ ਤਲਾਕ ਦੇ ਕਾਗਜ਼ ਭੇਜ ਦਿੱਤੇ। ਇਸ ਤੋਂ ਬਾਅਦ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਪਤਾ ਲੱਗਾ ਕਿ ਮੁੰਡੇ ਨੇ ਕੈਨੇਡਾ 'ਚ ਦੁਬਾਰਾ ਵਿਆਹ ਕਰ ਲਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ। ਇਸ ਤੋਂ ਬਾਅਦ ਪੂਰੀ ਜਾਂਚ ਕੀਤੀ ਗਈ ਅਤੇ ਮੁੰਡੇ ਦੀ ਸੂਚਨਾ ਅਤੇ ਫੋਟੋਆਂ ਇਮੀਗ੍ਰੇਸ਼ਨ ਵਿਭਾਗ ਨੂੰ ਭੇਜ ਦਿੱਤੀਆਂ ਗਈਆਂ। ਹੁਣ ਜਿਵੇਂ ਹੀ ਇਹ ਲੜਕਾ ਕੈਨੇਡਾ ਤੋਂ ਦਿੱਲੀ ਏਅਰਪੋਰਟ ਪਹੁੰਚਿਆ ਤਾਂ ਪੰਜਾਬ ਪੁਲਿਸ ਨੇ ਉਸ ਨੂੰ ਹੱਥਕੜੀ ਲਗਾ ਦਿੱਤੀ। ਫਿਲਹਾਲ ਪੁਲਿਸ ਨੇ ਮੁੰਡੇ ਨੂੰ ਗ੍ਰਿਫਤਾਰ ਕਰਕੇ ਨੂਰਮਹਿਲ ਥਾਣੇ ਲਿਆਂਦਾ ਹੈ ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੰਜਾਬ ਪੁਲਿਸ ਨੂੰ ਮਿਲੇ 461 ਨਵੇਂ ਪੁਲਿਸ ਮੁਲਾਜ਼ਮ, CM ਭਗਵੰਤ ਮਾਨ ਨੇ ਸੌਂਪੇ ਨਿਯੁਕਤੀ ਪੱਤਰ

ਪੰਜਾਬ ਸਰਕਾਰ ਨੇ ਲੋਕਾਂ ਦੀ ਸਹੂਲਤ ਲਈ ਪੰਜਾਬ ਪੁਲਿਸ ਵਿੱਚ 461 ਨਵੇਂ ਪੁਲਿਸ ਮੁਲਾਜ਼ਮਾਂ ਦੀ ਭਰਤੀ ਕੀਤੀ ਹੈ। ਇਹ ਕਰਮਚਾਰੀ ਬਿਊਰੋ ਆਫ਼ ਇਨਵੈਸਟੀਗੇਸ਼ਨ ਵਿੱਚ ਹੈੱਡ ਕਾਂਸਟੇਬਲ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਮੁੱਖ ਮੰਤਰੀ ਭਗਵੰਤ

ਸਰਦੀਆਂ 'ਚ ਖਜੂਰ ਖਾਣ ਦੇ ਫਾਇਦੇ



ਸਰਦੀਆਂ ਵਿਚ ਲੋਕ ਅਕਸਰ ਆਪਣੀ ਡਾਇਟ ਵਿਚ ਅਜਿਹੀਆਂ ਚੀਜ਼ਾਂ ਨੂੰ ਸ਼ਾਮਲ ਕਰਨਾ ਪਸੰਦ ਕਰਦੇ ਹਨ ਜਿਨ੍ਹਾਂ ਦੀ ਤਾਸੀਰ ਖਾਣ ਵਿਚ ਗਰਮ ਹੁੰਦੀ ਹੈ। ਅਜਿਹੀਆਂ ਹੀ ਸਿਹਤਮੰਦ ਚੀਜ਼ਾਂ ਵਿਚ ਖਜੂਰ ਵੀ ਹੈ। ਖਜੂਰ ਨੂੰ ਉਸ ਦੇ ਹੀਲਿੰਗ ਗੁਣਾਂ ਲਈ ਜਾਣਿਆ ਜਾਂਦਾ ਹੈ। ਇਸ ਨੂੰ ਡਾਇਟ ਵਿਚ ਸ਼ਾਮਲ ਕਰਨ ਨਾਲ ਵਿਅਕਤੀ ਕਈ ਰੋਗਾਂ ਤੋਂ ਦੂਰ ਰਹਿਣ ਦੇ ਨਾਲ-ਨਾਲ ਊਰਜਾਵਾਨ ਵੀ ਮਹਿਸੂਸ ਕਰਦਾ ਹੈ। ਖਜੂਰ ਵਿਚ ਆਇਰਨ, ਕੈਲਸ਼ੀਅਮ, ਮਿਨਰਲ, ਫਾਸਫੋਰਸ, ਅਮਿਨੋ ਐਸਿਡ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਜੋ ਸਰਦੀ ਜੁਕਾਨ ਤੋਂ ਲੈ ਕੇ ਕਬਜ਼ ਤੇ ਅਨੀਮੀਆ ਵਰਗੀਆਂ ਸਮੱਸਿਆਵਾਂ ਵਿਚ ਵੀ ਰਾਹਤ ਦੇਣ ਦਾ ਕੰਮ ਕਰਦੇ ਹਨ।

ਖਜੂਰ ਖਾਣ ਦੇ ਫਾਇਦੇ

ਸਰਦੀ-ਜ਼ੁਕਾਮ ਵਿਚ ਰਾਹਤ

ਖਜੂਰ ਦੀ ਤਾਸੀਰ ਗਰਮ ਹੁੰਦੀ ਹੈ। ਸਰਦੀਆਂ ਵਿਚ ਖਜੂਰ ਦਾ ਰੈਗੂਲਰ ਸੇਵਨ ਵਿਅਕਤੀ ਨੂੰ ਸਰਦੀ-ਜੁਕਾਮ ਦੀ ਸਮੱਸਿਆ ਤੋਂ ਦੂਰ ਰੱਖਦਾ ਹੈ। ਠੰਡ ਵਿਚ ਸਰਦੀ-ਜੁਕਾਮ ਹੋਣਾ ਆਮ ਗੱਲ ਹੈ। ਅਜਿਹੇ ਵਿਚ ਰੋਜ਼ਾਨਾ ਦੁੱਧ ਵਿਚ 2-3 ਖਜੂਰ ਮਿਲਾ ਕੇ ਪੀਣ ਨਾਲ ਸਰਦੀ-ਜੁਕਾਮ ਵਿਚ ਰਾਹਤ ਮਿਲਦੀ ਹੈ।

ਅਨੀਮੀਆ ਦੀ ਸਮੱਸਿਆ ਕਰੇ ਦੂਰ

ਖਜੂਰ ਦਾ ਸੇਵਨ ਕਰਨ ਨਾਲ ਹੀਮੋਗਲੋਬਿਨ ਦਾ ਲੈਵਲ ਆਸਾਨੀ ਨਾਲ ਵਧਾਇਆ ਜਾ ਸਕਦਾ ਹੈ ਜਿਹੜੇ ਲੋਕਾਂ ਦੇ ਸਰੀਰ ਵਿਚ ਆਇਰਨ ਦੀ ਕਮੀ ਹੁੰਦੀ ਹੈ, ਉਨ੍ਹਾਂ ਨੂੰ ਰੈਗੂਲਰ ਖਜੂਰ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਕਬਜ਼

ਖਜੂਰ ਦਾ ਸੇਵਨ ਕਰਨ ਨਾਲ ਪਾਚਣ ਤੰਤਰ ਦਰੁਸਤ ਰਹਿੰਦਾ ਹੈ ਜਿਸ ਨਾਲ ਵਿਅਕਤੀ ਨੂੰ ਕਬਜ਼ ਦੀ ਸ਼ਿਕਾਇਤ ਨਹੀਂ ਹੁੰਦੀ ਹੈ। ਖਜੂਰ ਵਿਚ ਕਾਫੀ ਮਾਤਰਾ ਵਿਚ ਫਾਈਬਰ ਪਾਇਆ ਜਾਂਦਾ ਹੈ ਜੋ ਕਬਜ਼ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਦੇ ਨਾਲ ਨਾਲ ਪੇਟ ਵਿਚ ਮਰੋੜ ਤੇ ਦਸਤ ਨੂੰ ਠੀਕ ਕਰਨ ਵਿਚ ਮਦਦ ਕਰਦਾ ਹੈ।

ਹੱਡੀਆਂ ਦੀ ਸਿਹਤ

ਸਰਦੀਆਂ ਵਿਚ ਗੋਡਿਆਂ ਦਾ ਦਰਦ ਕਾਫੀ ਵੱਧ ਜਾਂਦਾ ਹੈ। ਅਜਿਹੇ ਵਿਚ ਰੋਜ਼ਾਨਾ ਖਜੂਰ ਦਾ ਸੇਵਨ ਕਰਨ ਨਾਲ ਇਸ ਸਮੱਸਿਆ ਵਿਚ ਕੁਝ ਹੱਦ ਤੱਕ ਫਾਇਦਾ ਮਿਲ ਸਕਦਾ ਹੈ। ਖਜੂਰ ਵਿਚ ਕਾਫੀ ਮਾਤਰਾ ਵਿਚ ਸੇਲੇਨੀਅਮ, ਮੈਂਗਨੀਜ, ਕਾਪਰ ਤੇ ਮੈਗਨੀਸ਼ੀਅਮ ਮੌਜੂਦ ਹੁੰਦੇ ਹਨ। ਇਹ ਸਾਰੇ ਪੋਸ਼ਕ ਤੱਤ ਹੱਡੀਆਂ ਨੂੰ ਸਿਹਤਮੰਦ ਬਣਾਏ ਰੱਖਣ ਤੇ ਆਸਟੀਯੋਪੋਰੀਸਿਸ ਵਰਗੀਆਂ ਬੀਮਾਰੀਆਂ ਨੂੰ ਰੋਕਣ ਲਈ ਜ਼ਰੂਰੀ ਮੰਨੇ ਜਾਂਦੇ ਹਨ।

ਪ੍ਰੋਟੀਨ ਨਾਲ ਭਰਪੂਰ

ਖਜੂਰ ਵਿਚ ਪ੍ਰੋਟੀਨ ਕਾਫੀ ਮਾਤਾਰ ਵਿਚ ਮੌਜੂਦ ਹੁੰਦਾ ਹੈ ਜੋ ਸਾਡੀਆਂ ਮਾਸਪੇਸ਼ੀਆ ਨੂੰ ਮਜ਼ਬੂਤ ਬਣਾਏ ਰੱਖਣ ਵਿਚ ਮਦਦ ਕਰ ਸਕਦਾ ਹੈ। ਕਈ ਵਾਰ ਜਿਮ ਲਵਰ ਵੀ ਨੇਚੁਰਲ ਪ੍ਰੋਟੀਨ ਤੇ ਮਿਠਾਸ ਹਾਸਲ ਕਰਨ ਲਈ ਖਜੂਰ ਨੂੰ ਆਪਣੀ ਡਾਇਟ ਵਿਚ ਸ਼ਾਮਲ ਕਰਦੇ ਹਨ।

ਲੌਂਗ ਦੇ ਪਾਣੀ ਫਾਇਦੇ !

ਜਾਣੋ ਕਿਹੜੀਆਂ ਬੀਮਾਰੀਆਂ ਨੂੰ ਕਰਦਾ ਹੈ ਕੰਟਰੋਲ

ਲੌਂਗ ਸਿਹਤ ਲਈ ਦਵਾਈ ਦੀ ਤਰ੍ਹਾਂ ਕੰਮ ਕਰਦੀ ਹੈ। ਖੜ੍ਹੇ ਮਸਾਲੇ ਵਿੱਚ ਵਰਤੀ ਜਾਣ ਵਾਲੀ ਲੌਂਗ ਕਈ ਬਿਮਾਰੀਆਂ ਵਿੱਚ ਕਾਰਗਰ ਸਾਬਤ ਹੁੰਦੀ ਹੈ। ਛੋਟੀ ਲੌਂਗ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ, ਆਇਰਨ, ਕੈਲਸ਼ੀਅਮ, ਸੋਡੀਅਮ, ਮੈਗਨੀਸ਼ੀਅਮ, ਫਾਸਫੋਰਸ, ਪੋਟਾਸ਼ੀਅਮ, ਜ਼ਿੰਕ ਅਤੇ ਕਾਪਰ ਵਰਗੇ ਤੱਤ ਪਾਏ ਜਾਂਦੇ ਹਨ। ਲੌਂਗ ਦੰਦਾਂ ਦੇ ਦਰਦ ਤੋਂ ਲੈ ਕੇ ਚਮੜੀ ਨੂੰ ਸਿਹਤਮੰਦ ਰੱਖਣ ਲਈ ਫਾਇਦੇਮੰਦ ਸਾਬਤ ਹੁੰਦੀ ਹੈ। ਦੰਦਾਂ ਦੇ ਗੰਭੀਰ ਦਰਦ ਦੀ ਸਥਿਤੀ ਵਿਚ ਲੌਂਗ ਦਾ ਤੇਲ ਅਤੇ ਲੌਂਗ ਦਾ ਪਾਣੀ ਪੀਣਾ ਲਾਭਦਾਇਕ ਹੈ। ਲੌਂਗ ਪਾਚਨ ਤੰਤਰ ਅਤੇ ਇਮਿਊਨਿਟੀ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ। ਜੇਕਰ ਤੁਸੀਂ ਪਾਣੀ 'ਚ ਲੌਂਗ ਪਾ ਕੇ ਪੀਓ ਤਾਂ ਇਸ ਨਾਲ ਕਈ ਫਾਇਦੇ ਹੁੰਦੇ ਹਨ। ਜਿਸ ਬੋਤਲ ਨੂੰ ਤੁਸੀਂ ਦਫ਼ਤਰ ਵਿੱਚ ਵਰਤਦੇ ਹੋ, ਉਸ ਵਿੱਚ ਲੌਂਗ ਰੱਖੋ ਅਤੇ ਉਸ ਪਾਣੀ ਨੂੰ ਦਿਨ ਭਰ ਪੀਓ। ਇਸ ਨਾਲ ਇਸ ਵਿੱਚੋਂ ਚੰਗੀ ਖੁਸ਼ਬੂ ਆਏਗੀ ਅਤੇ ਕਈ ਫਾਇਦੇ ਵੀ ਮਿਲਣਗੇ

ਲੌਂਗ ਵਧਾਉਂਦਾ ਹੈ ਇਮਿਊਨਿਟੀ — ਜੋ ਲੋਕ ਲੌਂਗ ਦਾ ਪਾਣੀ ਪੀਂਦੇ ਹਨ ਉਨ੍ਹਾਂ ਦੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਸਰੀਰ ਨੂੰ ਕਿਸੇ ਵੀ ਇਨਫੈਕਸ਼ਨ ਜਾਂ ਫਲੂ ਨਾਲ ਲੜਨ ਵਿੱਚ ਮਦਦ ਕਰਦਾ ਹੈ। ਵਿਟਾਮਿਨ ਅਤੇ ਮਿਨਰਲਸ ਦੀ ਕਮੀ ਨੂੰ ਲੌਂਗ ਦਾ ਪਾਣੀ ਪੀਣ ਨਾਲ ਪੂਰਾ ਕੀਤਾ ਜਾ ਸਕਦਾ ਹੈ। ਲੌਂਗ ਵਿੱਚ ਮੈਂਗਨੀਜ਼, ਵਿਟਾਮਿਨ ਕੇ, ਵਿਟਾਮਿਨ ਸੀ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਹੁੰਦਾ ਹੈ ਜੋ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ।

ਚਮੜੀ ਨੂੰ ਬਣਾਉਂਦਾ ਹੈ ਗਲੋਇੰਗ — ਲੌਂਗ ਦਾ ਪਾਣੀ ਐਂਟੀ-ਇੰਫਲੇਮੇਟਰੀ ਅਤੇ ਐਂਟੀਆਕਸੀਡੈਂਟ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਸ ਨੂੰ ਪੀਣ ਨਾਲ ਚਮੜੀ ਨਾਲ ਸਬੰਧਤ ਕਈ ਰੋਗ ਠੀਕ ਹੋ ਜਾਂਦੇ ਹਨ। ਲੌਂਗ ਦੀ ਵਰਤੋਂ ਕਰਨ ਨਾਲ ਦੀ ਸਮੱਸਿਆ ਘੱਟ ਹੋ ਜਾਂਦੀ ਹੈ। ਚਿਹਰੇ 'ਤੇ ਸੋਜ ਘੱਟ ਜਾਂਦੀ ਹੈ ਅਤੇ ਚਮੜੀ ਚਮਕਦਾਰ ਹੋ ਜਾਂਦੀ ਹੈ।

ਸੋਜ ਨੂੰ ਘੱਟ ਕਰਦਾ ਹੈ- ਲੌਂਗ ਵਿੱਚ ਐਂਟੀ-ਇੰਫਲੇਮੇਟਰੀ ਤੱਤ ਹੁੰਦੇ ਹਨ ਜੋ ਚਮੜੀ ਦੀ ਸੋਜ ਅਤੇ ਜਲਣ ਤੋਂ ਰਾਹਤ ਦਿੰਦੇ ਹਨ। ਇਸ 'ਚ ਪਾਏ ਜਾਣ ਵਾਲੇ ਐਂਟੀਆਕਸੀਡੈਂਟ ਤਣਾਅ ਨੂੰ ਦੂਰ ਕਰਨ 'ਚ ਵੀ ਮਦਦ ਕਰਦੇ ਹਨ। ਇਸ ਨਾਲ ਤਣਾਅ ਘੱਟ ਹੁੰਦਾ ਹੈ। ਜੋ ਲੋਕ ਲੌਂਗ ਦਾ ਪਾਣੀ ਪੀਂਦੇ ਹਨ, ਉਨ੍ਹਾਂ ਨੂੰ ਗਠੀਏ ਦੇ ਦਰਦ ਤੋਂ ਰਾਹਤ ਮਿਲਦੀ ਹੈ। ਸ਼ੂਗਰ ਘਟਾਓ- ਲੌਂਗ ਸ਼ੂਗਰ ਦੇ ਰੋਗੀਆਂ ਲਈ ਵੀ ਫਾਇਦੇਮੰਦ ਹੈ। ਇਹ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦਾ ਹੈ ਅਤੇ ਖੂਨ ਵਿੱਚ ਸ਼ੂਗਰ ਦੀ ਮਾਤਰਾ ਨੂੰ ਘਟਾਉਂਦਾ ਹੈ। ਸ਼ੂਗਰ ਦੇ ਮਰੀਜ਼ ਲੌਂਗ ਦਾ ਪਾਣੀ ਪੀ ਸਕਦੇ ਹਨ। ਇਹ ਬਹੁਤ ਫਾਇਦੇਮੰਦ ਸਾਬਤ ਹੋਵੇਗਾ।

ਦੰਦਾਂ ਦੇ ਦਰਦ ਤੋਂ ਛੁਟਕਾਰਾ- ਲੌਂਗ ਮੂੰਹ ਦੀ ਸਿਹਤ ਲਈ ਵੀ ਫਾਇਦੇਮੰਦ ਹੈ। ਲੌਂਗ ਦਾ ਪਾਣੀ ਪੀਣ ਨਾਲ ਦੰਦਾਂ ਅਤੇ ਮੂੰਹ ਦੀ ਸਫਾਈ ਹੁੰਦੀ ਹੈ। ਇਸ ਨਾਲ ਮੂੰਹ ਦੀ ਸਫਾਈ ਬਣੀ ਰਹਿੰਦੀ ਹੈ। ਲੌਂਗ ਵਿੱਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਪਲੇਕ ਅਤੇ ਬੈਕਟੀਰੀਆ ਨਾਲ ਲੜਨ ਵਿੱਚ ਮਦਦ ਕਰਦੇ ਹਨ।

ਲੌਂਗ ਦੇ ਪਾਣੀ ਦੀ ਵਰਤੋਂ ਕਿਵੇਂ ਕਰੀਏ

ਤੁਸੀਂ ਖਾਣ ਤੋਂ ਬਾਅਦ ਲੌਂਗ ਦਾ ਪਾਣੀ ਪੀ ਸਕਦੇ ਹੋ, ਇਸ ਨਾਲ ਪਾਚਨ ਕਿਰਿਆ ਠੀਕ ਹੁੰਦੀ ਹੈ। ਤੁਸੀਂ 1 ਗਲਾਸ ਪਾਣੀ 'ਚ ਲੌਂਗ ਪਾਓ ਅਤੇ ਖਾਣ ਤੋਂ ਬਾਅਦ ਪੀਓ।

ਸਵੇਰੇ ਖਾਲੀ ਪੇਟ ਲੌਂਗ ਦਾ ਪਾਣੀ ਪੀਣਾ ਵੀ ਫਾਇਦੇਮੰਦ ਹੁੰਦਾ ਹੈ। ਇਸ ਦੇ ਲਈ ਰਾਤ ਨੂੰ 1 ਗਲਾਸ ਪਾਣੀ 'ਚ ਲੌਂਗ ਭਿਓ ਕੇ ਰੱਖੋ ਅਤੇ ਸਵੇਰੇ ਇਸ ਪਾਣੀ ਨੂੰ ਪੀਓ। ਇਸ ਨਾਲ ਬਲੱਡ ਸ਼ੂਗਰ ਘੱਟ ਹੋ ਜਾਂਦੀ ਹੈ।

ਲੌਂਗ ਮਿਲਾ ਕੇ ਗਰਮ ਪਾਣੀ ਪੀਣ ਨਾਲ ਦੰਦਾਂ ਅਤੇ ਦੰਦਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਜੇਕਰ ਤੁਸੀਂ ਚਾਹੋ ਤਾਂ ਇਕ ਬੋਤਲ 'ਚ ਲੌਂਗ ਪਾ ਕੇ ਪਾਣੀ ਰੱਖੋ ਅਤੇ ਇਸ ਪਾਣੀ ਨੂੰ ਦਿਨ ਭਰ ਪੀਓ।

ਪਪੀਤਾ ਖਾਣ ਦੇ ਫਾਇਦੇ ਅਤੇ ਨੁਕਸਾਨ !

ਪੀਲਾ, ਪਕਿਆ ਪਪੀਤਾ ਖਾਣ ਦਾ ਜਿੰਨਾ ਸੁਆਦ ਲੱਗਦਾ ਏ, ਉਸ ਤੋਂ ਕਿਤੇ ਵੱਧ ਇਸ ਦੇ ਫਾਇਦੇ ਹਨ। ਪਪੀਤਾ ਪੋਸ਼ਕ ਤੱਤਾਂ ਨਾਲ ਭਰਪੂਰ ਫਲ ਹੈ। ਪਪੀਤਾ ਵਿਟਾਮਿਨ, ਫਾਈਬਰ ਅਤੇ ਖਣਿਜਾਂ ਨਾਲ ਭਰਪੂਰ ਹੁੰਦਾ ਹੈ। ਹਰ ਮੌਸਮ ਵਿੱਚ ਉਪਲਬਧ ਪਪੀਤਾ ਮੋਟਾਪਾ ਘੱਟ ਕਰਨ ਵਿੱਚ ਵੀ ਮਦਦ ਕਰਦਾ ਹੈ। ਪਪੀਤਾ ਖਾਣ ਨਾਲ ਸਰੀਰ ਨੂੰ ਭਰਪੂਰ ਮਾਤਰਾ ਵਿਚ ਫਾਈਬਰ ਮਿਲਦਾ ਹੈ ਜਿਸ ਨਾਲ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ। ਸ਼ੂਗਰ, ਦਿਲ ਅਤੇ ਕੈਂਸਰ ਦੇ ਮਰੀਜ਼ਾਂ ਲਈ ਪਪੀਤਾ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ ਪਰ ਕੁਝ ਲੋਕਾਂ ਲਈ ਪਪੀਤਾ ਨੁਕਸਾਨਦੇਹ ਵੀ ਸਾਬਤ ਹੁੰਦਾ ਹੈ। ਅਜਿਹੀਆਂ ਕਈ ਬਿਮਾਰੀਆਂ ਹਨ ਜਿਨ੍ਹਾਂ ਵਿੱਚ ਪਪੀਤਾ ਖਾਣਾ ਮਨਾ ਹੈ। ਜੇ ਤੁਸੀਂ ਗਲਤੀ ਨਾਲ ਪਪੀਤੇ ਦਾ ਸੇਵਨ ਕਰਦੇ ਹੋ ਤਾਂ ਤੁਹਾਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਗੁਰਦੇ ਦੀ ਪੱਥਰੀ ਹੋਣ 'ਤੇ ਨਾ ਖਾਓ – ਜਿਨ੍ਹਾਂ ਲੋਕਾਂ ਨੂੰ ਗੁਰਦੇ ਦੀ ਪੱਥਰੀ ਹੈ ਉਨ੍ਹਾਂ ਨੂੰ ਪਪੀਤੇ ਦਾ ਸੇਵਨ ਨਹੀਂ ਕਰਨਾ ਚਾਹੀਦਾ। ਪਪੀਤੇ ਵਿੱਚ ਵਿਟਾਮਿਨ ਸੀ ਪਾਇਆ ਜਾਂਦਾ ਹੈ, ਜੋ ਇੱਕ ਭਰਪੂਰ ਐਂਟੀਆਕਸੀਡੈਂਟ ਹੈ। ਜੇਕਰ ਤੁਸੀਂ ਜ਼ਿਆਦਾ ਪਪੀਤਾ ਖਾਂਦੇ ਹੋ ਤਾਂ ਪੱਥਰੀ ਦੀ ਸਮੱਸਿਆ ਵਧ ਸਕਦੀ ਹੈ। ਪਪੀਤਾ ਖਾਣ ਨਾਲ ਕੈਲਸ਼ੀਅਮ ਆਕਸਲੇਟ ਦੀ ਸਥਿਤੀ ਪੈਦਾ ਹੋ ਸਕਦੀ ਹੈ ਜਿਸ ਨਾਲ ਪੱਥਰੀ ਦਾ ਆਕਾਰ ਵਧ ਸਕਦਾ ਹੈ।

ਬੇਕਾਬੂ ਦਿਲ ਦੀ ਧੜਕਣ – ਪਪੀਤਾ ਦਿਲ ਨਾਲ ਸਬੰਧਤ ਬਿਮਾਰੀਆਂ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ, ਪਰ ਜਿਨ੍ਹਾਂ ਦੇ ਦਿਲ ਦੀ ਧੜਕਣ ਅਨਿਯਮਿਤ ਹੈ, ਉਨ੍ਹਾਂ ਨੂੰ ਪਪੀਤੇ ਦਾ ਸੇਵਨ ਨਹੀਂ ਕਰਨਾ ਚਾਹੀਦਾ। ਪਪੀਤੇ ਵਿੱਚ ਸਾਈਨੋਜੇਨਿਕ ਗਲਾਈਕੋਸਾਈਡ ਪਾਇਆ ਜਾਂਦਾ ਹੈ ਜੋ ਅਮੀਨੋ ਐਸਿਡ ਵਰਗਾ ਹੁੰਦਾ ਹੈ। ਇਸ ਨਾਲ ਪਾਚਨ ਤੰਤਰ 'ਚ ਹਾਈਡ੍ਰੋਜਨ ਸਾਇਨਾਈਡ ਪੈਦਾ ਹੁੰਦਾ ਹੈ ਅਤੇ ਦਿਲ ਦੀ ਧੜਕਣ ਦੀ ਸਮੱਸਿਆ ਵਧ ਸਕਦੀ ਹੈ।

ਗਰਭ ਅਵਸਥਾ ਦੌਰਾਨ- ਪਪੀਤੇ 'ਚ ਲੇਟੈਕਸ ਹੁੰਦਾ ਹੈ, ਜਿਸ ਕਾਰਨ ਗਰਭਵਤੀ ਔਰਤਾਂ ਨੂੰ ਪਪੀਤਾ ਨਾ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਪਪੀਤਾ ਖਾਣ ਨਾਲ ਗਰੱਭਾਸ਼ਯ ਸੁੰਗੜ ਸਕਦਾ ਹੈ। ਇਸ ਕਾਰਨ ਪ੍ਰੀ-ਡਿਲੀਵਰੀ ਦਾ ਖਤਰਾ ਵੱਧ ਜਾਂਦਾ ਹੈ। ਪਪੀਤੇ ਵਿੱਚ ਪਪੇਨ ਪਾਇਆ ਜਾਂਦਾ ਹੈ ਜਿਸ ਨੂੰ ਸਰੀਰ ਪ੍ਰੋਸਟਾਗਲੈਂਡਿਨ ਸਮਝਣ ਦੀ ਗਲਤੀ ਕਰ ਸਕਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਜਣੇਪੇ ਦੀ ਆਰਟੀਫਿਸ਼ੀਅਲ ਪੇਨ ਸ਼ੁਰੂ ਹੋ ਸਕਦੀ ਹੈ।

ਐਲਰਜੀ ਤੋਂ ਪੀੜਤ ਲੋਕ – ਪਪੀਤੇ ਵਿੱਚ ਚਿਟੀਨੇਸ ਹੁੰਦਾ ਹੈ ਜੋ ਐਲਰਜੀ ਤੋਂ ਪੀੜਤ ਲੋਕਾਂ ਵਿੱਚ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਅਜਿਹੇ ਲੋਕਾਂ ਨੂੰ ਪਪੀਤਾ ਨਹੀਂ ਖਾਣਾ ਚਾਹੀਦਾ। ਚਿਟੀਨੇਸ ਲੈਟੇਕਸ ਨਾਲ ਪ੍ਰਤੀਕ੍ਰਿਆ ਕਰ ਸਕਦਾ ਹੈ। ਕਈ ਵਾਰ ਇਸ ਨਾਲ ਸਾਹ ਲੈਣ ਵਿੱਚ ਦਿੱਕਤ, ਖੰਘ ਜਾਂ ਅੱਖਾਂ ਦੀ ਸਮੱਸਿਆ ਹੋ ਸਕਦੀ ਹੈ।

ਹਾਈਪੋਗਲਾਈਸੀਮੀਆ ਵਾਲੇ ਲੋਕ— ਜਿਨ੍ਹਾਂ ਲੋਕਾਂ ਦਾ ਬਲੱਡ ਸ਼ੂਗਰ ਲੈਵਲ ਘੱਟ ਰਹਿੰਦਾ ਹੈ, ਉਨ੍ਹਾਂ ਨੂੰ ਪਪੀਤਾ ਨਹੀਂ ਖਾਣਾ ਚਾਹੀਦਾ। ਹਾਈਪੋਗਲਾਈਸੀਮੀਆ ਤੋਂ ਪੀੜਤ ਲੋਕਾਂ ਨੂੰ ਪਪੀਤੇ ਤੋਂ ਬਚਣ ਦੀ ਲੋੜ ਹੈ। ਪਪੀਤਾ ਸਰੀਰ ਵਿੱਚ ਗਲੂਕੋਜ਼ ਦੇ ਪੱਧਰ ਨੂੰ ਘੱਟ ਕਰਦਾ ਹੈ। ਪਪੀਤਾ ਖਾਣ ਨਾਲ ਦਿਲ ਦੀ ਧੜਕਣ ਤੇਜ਼ ਹੁੰਦੀ ਹੈ ਜਾਂ ਕਈ ਵਾਰ ਸਰੀਰ ਕੰਬਣ ਲੱਗਦਾ ਹੈ।

ਮੁਨੱਕੇ ਨੂੰ ਪਾਣੀ 'ਚ ਭਿਓ ਕੇ ਖਾਣ ਨਾਲ ਘੱਟ ਹੋਵੇਗਾ ਭਾਰ

ਅੱਜ ਦੇ ਸਮੇਂ 'ਚ ਵਧੇ ਹੋਏ ਭਾਰ ਨੂੰ ਘੱਟ ਕਰਨਾ ਆਸਾਨ ਨਹੀਂ ਹੈ ਪਰ ਹੈਲਦੀ ਖੁਰਾਕ ਦੇ ਸੇਵਨ ਨਾਲ ਤੁਸੀਂ ਕਾਫੀ ਹੱਦ ਤੱਕ ਮੋਟਾਪੇ 'ਤੇ ਕਾਬੂ ਪਾ ਸਕਦੇ ਹੋ ਜਾਂ ਫਿਰ ਇਸ ਨੂੰ ਘੱਟ ਕਰਨ ਦੇ ਨਤੀਜੇ ਤੱਕ ਪਹੁੰਚ ਸਕਦੇ ਹੋ, ਖਾਸ ਤੌਰ 'ਤੇ ਸਵੇਰ ਦੇ ਸਮੇਂ ਤੁਹਾਡਾ ਨਾਸ਼ਤਾ ਸਿਹਤਮੰਦ ਨਹੀਂ ਹੁੰਦਾ ਹੋਵੇ ਤਾਂ ਸਰੀਰ 'ਚ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਆ ਸਕਦੀਆਂ ਹਨ। ਇਸ ਤੋਂ ਨਿਜ਼ਾਤ ਪਾਉਣ ਲਈ ਮੁਨੱਕਾ ਸਭ ਤੋਂ ਕਾਰਗਰ ਚੀਜ਼ ਹੈ। ਆਓ ਜਾਣਦੇ ਹਾਂ ਕਿ ਸਵੇਰ ਦੇ ਸਮੇਂ ਪਾਣੀ 'ਚ ਭਿਓ ਕੇ ਰੱਖੇ ਹੋਏ ਮੁਨੱਕੇ ਦੀ ਖਾਲੀ ਢਿੱਡ ਵਰਤੋਂ ਕਰਨ ਨਾਲ ਕੀ-ਕੀ ਲਾਭ ਹੁੰਦੇ ਹਨ।

ਭਿੱਜੇ ਮੁਨੱਕੇ ਖਾਣ ਦੇ ਲਾਭ

ਮੁਨੱਕੇ ਨੂੰ ਸੁੱਕੇ ਮੇਵਿਆਂ ਦੀ ਕੈਟੇਗਰੀ 'ਚ ਰੱਖਿਆ ਜਾਂਦਾ ਹੈ ਇਸ ਨੂੰ ਖਾਣ ਦਾ ਬਿਹਤਰ ਤਰੀਕਾ ਇਹ ਹੈ ਕਿ ਤੁਸੀਂ ਰਾਤ ਦੇ ਸਮੇਂ ਇਕ ਕੌਲੀ ਪਾਣੀ 'ਚ ਕੁਝ ਮੁਨੱਕੇ ਭਿਓ ਕੇ ਛੱਡ ਦਿਓ ਅਤੇ ਫਿਰ ਸਵੇਰ ਦੇ ਸਮੇਂ ਪਾਣੀ ਨੂੰ ਵੱਖ ਕਰੋ ਅਤੇ ਭਿੱਜੇ ਹੋਏ ਮੁਨੱਕੇ ਖਾ ਲਓ। ਖਾਲੀ ਢਿੱਡ ਇਸ ਦੇ ਸੇਵਨ ਦੇ ਕਈ ਫਾਇਦੇ ਹਨ ਜਿਸ ਦਾ ਅਸਰ ਕੁਝ ਹੀ ਦਿਨਾਂ 'ਚ ਤੁਹਾਡੇ ਸਰੀਰ 'ਚ ਦਿਖਣ ਲੱਗਦਾ ਹੈ।

RESIDENTIAL OR COMMERCIAL
REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਾਵੇਂ ਘਰ ਹੋਵੇ, ਵਿਓਪਾਰ ਹੋਵੇ ਜਾਂ ਇਨਵੈਸਟਮੈਂਟ ਹੋਵੇ, ਕੁਲਵਿੰਦਰ ਨਿੱਜਰ ਨਾਲ ਸੰਪਰਕ ਕਰੋ
KULWINDER NIJJAR
Sales Representative
Dir#:-416-508-1340
Homelife Miracle Realty Ltd. Brokerage,
Independently

ਰਾਸ਼ੀਫਲ

ਮੇਖ : ਤੁਹਾਡੇ ਵਿਚੋਂ ਕੁੱਝ ਲੋਕਾਂ ਨੂੰ ਅੱਜ ਮਹੱਤਵਪੂਰਨ ਫੈਸਲਾ ਲੈਣ ਵਿਚ ਰੁਕਾਵਟ ਪੈ ਸਕਦੀ ਹੈਜਿਸ ਤੋਂ ਤੁਸੀ ਤਣਾਅਗ੍ਰਸਤ ਅਤੇ ਚਿੰਤਤ ਹੋ ਸਕਦੇ ਹੋ। ਤੁਹਾਡਾ ਆਰਥਿਕ ਪੱਖ ਮਜ਼ਬੂਤ ਹੋਣ ਦੀ ਪੂਰੀ ਸੰਭਾਵਨਾ ਹੈ ਜੇਕਰ ਤੁਸੀ ਕਿਸੇ ਵਿਅਕਤੀ ਨੂੰ ਪੈਸਾ ਉਧਾਰ ਦਿੱਤਾ ਸੀ ਤਾਂ ਅੱਜ ਤੁਹਾਨੂੰ ਪੈਸਾ ਮਿਲਣ ਦੀ ਉਮੀਦ ਹੈ। ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਦਾ ਗੈਰ ਜਰੂਰੀ ਕੰਮ ਰਿਸ਼ਤੇਦਾਰਾਂ ਦੀ ਆਲੋਚਨਾ ਦਾ ਰੁਖ ਤੁਹਾਡੇ ਵੱਲ ਮੁੜ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕੇਵਲ ਸਮੇਂ ਦੀ ਬਰਬਾਦੀ ਹੈ ਅਤੇ ਇਸ ਤੋਂ ਕੁਝ ਹਾਸਿਲ ਨਹੀਂ ਹੋਵੇਗਾ ਚੰਗਾ ਰਹੇਗਾ ਕਿ ਤੁਸੀ ਆਪਣੀ ਇਹ ਆਦਤ ਛੱਡ ਦਿਉ। ਆਸਮਾਨ ਚਮਕਦਾਰ ਨਜ਼ਰ ਆਵੇਗਾ ਫੁੱਲਾਂ ਵਿਚ ਜ਼ਿਆਦਾ ਰੰਗ ਦਿਸਣਗੇ ਤੁਹਾਡੇ ਨੇੜੇ ਤੇੜੇ ਸਭ ਕੁਝ ਚਮਕ ਉਠੇਗਾ ਕਿਉਂ ਕਿ ਤੁਸੀ ਪਿਆਰ ਵਿਚ ਹੋ। ਤੁਹਾਡੇ ਅੰਦਰ ਲੀਡਰਸ਼ਿਪ ਦਾ ਗੁਣ ਅਤੇ ਲੋਕਾਂ ਦੀਆਂ ਲੋੜਾਂ ਨੂੰ ਸਮਝਣ ਦੀ ਸੰਵੇਦਨਸ਼ੀਲਤਾ ਹੈ ਜੇਕਰ ਤੁਸੀ ਆਪਣੇ ਆਪ ਨੂੰ ਵਿਅਕਤ ਕਰਨ ਦੀ ਕੋਸ਼ਿਸ਼ ਕਰੋਗੇ ਤਾਂ ਸਫਲਤਾ ਤੁਹਾਡੇ ਕਦਮ ਚੁੰਮੇਗੀ। ਇਸ ਰਾਸ਼ੀ ਦੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਪੜ੍ਹਾਈ ਵਿਚ ਮਨ ਲਗਾਉਣ ਵਿਚ ਮੁਸ਼ਕਿਲ ਆ ਸਕਦੀ ਹੈ ਅੱਜ ਤੁਸੀ ਆਪਣਾ ਕੀਮਤੀ ਸਮਾਂ ਦੋਸਤਾਂ ਦੇ ਚੱਕਰ ਵਿਚ ਬਰਬਾਦ ਕਰ ਸਕਦੇ ਹੋ ਅੱਖਾਂ ਬਹੁਤ ਕੁਝ ਦੱਸਦੀਆਂ ਹਨ ਅਤੇ ਤੁਸੀ ਅੱਜ ਆਪਣੇ ਜੀਵਨ ਸਾਥੀ ਨਾਲ ਭਾਵਨਾਤਮਕ ਤੋਰ ਤੇ ਅੱਖਾਂ ਨਾਲ ਗੱਲਬਾਤ ਕਰੋਗੇ।

ਮਿਥੁਨ : ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋਂ ਬੇਤਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਬਿਨਾਂ ਵਿਚਾਰ ਕੀਤੇ ਤੁਹਾਨੂੰ ਕਿਸੇ ਨੂੰ ਵੀ ਆਪਣਾ ਪੈਸਾ ਨਹੀਂ ਦੇਣਾ ਚਾਹੀਦਾ ਨਹੀਂ ਤਾਂ ਤੁਹਾਨੂੰ ਭਵਿੱਖ ਵਿਚ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨਾਂ ਨੂੰ ਭਾਵਨਾਤਮਕ ਤੋਰ ਤੇ ਸੰਭਲਣ ਦੀ ਲੋੜ ਹੈ ਉਹ ਪਾਉਣਗੇ ਕਿ ਬਜ਼ੁਰਗ ਮਦਦ ਦੇ ਲਈ ਅੱਗੇ ਆ ਰਹੇ ਹਨ। ਤੁਹਾਡਾ ਪਿਆਰ ਅੱਜ ਰੁਮਾਂਟਿਕ ਮੂਡ ਵਿਚ ਹੋਵੇਗਾ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਤੁਹਾਡੇ ਪਰਿਵਾਰਿਕ ਮੈਂਬਰ ਅੱਜ ਤੁਹਾਡੇ ਨਾਲ ਕਈਂ ਮੁਸ਼ਕਿਲਾਂ ਸਾਂਝਾ ਕਰਨਗੇ ਪਰੰਤੂ ਤੁਸੀ ਆਪਣੀ ਹੀ ਧੁੰਨ ਵਿਚ ਵਿਅਸਤ ਰਹੋਗੇ ਅਤੇ ਖਾਲੀ ਸਮੇਂ ਵਿਚ ਕੁਝ ਅਜਿਹਾ ਕਰੋਗੇ ਜੋ ਤੁਹਾਨੂੰ ਕਰਨਾ ਪਸੰਦ ਹੈ। ਤੁਸੀ ਅੱਜ ਆਪਣੀ ਵਿਆਹੁਤਾ ਜ਼ਿੰਦਗੀ ਦਾ ਸਾਰਿਆਂ ਤੋਂ ਵਧੀਆ ਦਿਨ ਮਹਿਸੂਸ ਕਰੋਗੇ।

ਸਿੰਘ : ਆਪਣੀਆਂ ਭਾਵਨਾਵਾਂ ਤੇ ਖਾਸ ਤੋਰ ਤੇ ਗੁੱਸੇ ਉੱਪਰ ਕਾਬੂ ਰੱਖੋ। ਸ਼ੱਕੀ ਆਰਥਿਕ ਲੈਣ ਦੇਣ ਵਿਚ ਫਸਣ ਤੋਂ ਸਾਵਧਾਨ ਰਹੋ। ਵਧੀਆ ਦਿਨ ਹੈ ਜਦੋਂ ਤੁਸੀ ਸਭ ਦੇ ਧਿਆਨ ਨੂੰ ਆਪਣੀ ਤਰਫ ਖਿੱਚੋਗੇ ਤੁਹਾਡੇ ਸਾਹਮਣੇ ਚੁਣਨ ਦੇ ਲਈ ਕਈਂ ਚੀਜਾਂ ਹੋਣਗੀਆਂ ਅਤੇ ਸਮੱਸਿਆ ਇਹ ਹੋਵੇਗੀ ਕਿ ਕਿਸ ਨੂੰ ਪਹਿਲਾਂ ਚੁਣਿਆ ਜਾਵੇ। ਇਕ ਤਰਫਾ ਲਗਾਵ ਤੁਹਾਡੇ ਲਈ ਕਾਫੀ ਖਤਰਨਾਕ ਸਾਬਿਤ ਹੋ ਸਕਦਾ ਹੈ। ਜੇਕਰ ਤੁਸੀ ਕਾਰੋਬਾਰ ਵਿਚ ਨਵੇਂ ਭਾਗੀਦਾਰੀ ਨੂੰ ਜੋੜਨ ਤੇ ਵਿਚਾਰ ਕਰ ਰਹੇ ਹੋ ਤਾਂ ਉਸ ਨਾਲ ਕੋਈ ਵੀ ਵਚਨ ਕਰਨ ਤੋਂ ਪਹਿਲਾਂ ਤੁਸੀ ਤੱਥਾਂ ਨੂੰ ਚੰਗੀ ਤਰਾਂ ਜਾਣ ਲਵੋ। ਸਮੇਂ ਦੇ ਨਾਲ ਚਲਣਾ ਤੁਹਾਡੇ ਲਈ ਚੰਗਾ ਹੈ ਪਰੰਤੂ ਨਾਲ ਹੀ ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੱਕ ਤੁਹਾਡੇ ਕੋਲ ਖਾਲੀ ਸਮਾਂ ਹੈ ਆਪਣੇ ਕਰੀਬੀਆਂ ਦੇ ਨਾਲ ਸਮਾਂ ਬਿਤਾਉ। ਰਿਸ਼ਤੇਦਾਰਾਂ ਦੇ ਕਿਸੇ ਕਾਰਨ ਨੂੰ ਲੈ ਕੇ ਵਾਦ ਵਿਵਾਦ ਹੋ ਸਕਦਾ ਹੈ।

ਤੁਲਾ: ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਗੇ। ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਦੇ ਦਿਨ ਬਹੁਤ ਸੋਚ ਸਮਝ ਕੇ ਪੈਸਾ ਨਿਵੇਸ਼ ਕਰਨ ਦੀ ਲੋੜ ਹੈ। ਅੱਜ ਤੁਹਾਡਾ ਉਰਜਾ ਨਾਲ ਭਰਪੂਰ ਜ਼ਿੰਦਾਦਿਲੀ ਅਤੇ ਗਰਮਜੋਸ਼ੀ ਨਾਲ ਭਰਿਆ ਵਿਵਹਾਰ ਨੇੜੇ ਨੇੜੇ ਦੇ ਲੋਕਾਂ ਨੂੰ ਖੁਸ਼ ਕਰ ਦੇਵੇਗਾ। ਉਦਾਸ ਨਾ ਹੋਵੋ ਬਹੁਤੀਆਂ ਅਸਫਲਤਾਵਾਂ ਕੁਦਰਤੀ ਹੁੰਦੀਆਂ ਹਨ ਇਹ ਜ਼ਿੰਦਗੀ ਦੀ ਖੂਬਸੂਰਤੀ ਹੈ। ਆਪਣੀਆਂ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ ਵਿਚ ਰੱਖੋ ਅਤੇ ਤੁਹਾਨੂੰ ਅਸਾਧਾਰਣ ਲਾਭ ਮਿਲੇਗਾ। ਤੁਸੀ ਪ੍ਰਤੀਯੋਗਤਾ ਵਿਚ ਵੀ ਦਾਖਲ ਹੋਵੋਗੇ ਤੁਹਾਡਾ ਮੁਕਾਬਲੀ ਸੁਭਾਅ ਜਿੱਤ ਦਿਲਵਾਉਣ ਵਿਚ ਸਹਿਯੋਗ ਦੇਵੇਗਾ। ਰੋਜ਼ਮਰਾਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਤੁਹਾਡੇ ਵਿਆਹੁਤ ਜਿੰਦਗੀ ਵਿਚ ਤਣਾਵ ਸੰਭਵ ਹੈ ਖਾਣਾ, ਸਾਫ ਸਫਾਈ ਜਾਂ ਕੋਈ ਘਰੇਲੂ ਕੰਮ ਇਸ ਦਾ ਕਾਰਨ ਹੋ ਸਕਦਾ ਹੈ।

ਧਨੂੰ : ਤਨਾਵ ਦਾ ਬਿਮਾਰ ਤੇ ਖਰਾਬ ਅਸਰ ਹੋ ਸਕਦਾ ਹੈ। ਜੋ ਲੋਕ ਛੋਟੇ ਕਾਰੋਬਾਰ ਕਰਦੇ ਹਨ ਉਨਾਂ ਨੂੰ ਅੱਜ ਦੇ ਦਿਨ ਆਪਣੇ ਕਿਸੇ ਕਰੀਬੀ ਦੀ ਕੋਈ ਸਲਾਹ ਮਿਲ ਸਕਦੀ ਹੈ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗਾਹ ਵੀ ਦੇ ਸਕਦੇ ਹਨ। ਅੱਜ ਪਰਿਵਾਰ ਦੇ ਲੋਕਾਂ ਨਾਲ ਪੈਸੇ ਨੂੰ ਲੈ ਕੇ ਕਹਿ ਸੁਣੀ ਹੋ ਸਕਦੀ ਹੈ ਪੈਸੇ ਦੇ ਮਾਮਲੇ ਵਿਚ ਤੁਹਾਨੂੰ ਪਰਿਵਾਰ ਦੇ ਸਾਰਿਆਂ ਮੈਂਬਰਾਂ ਨੂੰ ਸਪਸ਼ਟ ਹੋਣ ਦੀ ਸਲਾਹ ਦੇਣੀ ਚਾਹੀਦੀ ਹੈ। ਅਣਇੱਛਤ ਰੋਮਾਂਟਿਕ ਆਕਰਸ਼ਣ ਦੀ ਸੰਭਾਵਨਾ ਹੈ। ਤੁਹਾਡੇ ਬੌਸ ਅਤੇ ਸੀਨੀਅਰ ਨੂੰ ਘਰ ਬਲਾਉਣ ਦੇ ਲਈ ਚੰਗਾ ਦਿਨ ਨਹੀਂ ਹੈ। ਘਰੇਲੂ ਕੰਮਾਂ ਨੂੰ ਪੂਰਾ ਕਰਨ ਤੋਂ ਬਾਅਦ ਇਸ ਰਾਸ਼ੀ ਦੀਆਂ ਔਰਤਾਂ ਟੀਵੀ ਜਾਂ ਫਿਲਮ ਦੇਖ ਸਕਦੀਆਂ ਹਨ ਜਾਂ ਖਾਲੀ ਸਮੇਂ ਵਿਚ ਆਪਣੇ ਮੋਬਾਇਲ ਫੋਨ ਵਿਚ ਰੁਝ ਸਕਦੀਆਂ ਹਨ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

ਕੁੰਭ : ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਘਰ ਦੀਆਂ ਛੋਟੀ ਛੋਟੀ ਚੀਜਾਂ ਤੇ ਅੱਜ ਤੁਹਾਡਾ ਕਾਫੀ ਪੈਸਾ ਖਰਾਬ ਹੋ ਸਕਦਾ ਹੈ ਜਿਸਦੀ ਵਜਾਹ ਨਾਲ ਤੁਸੀ ਮਾਨਸਿਕ ਤਨਾਅ ਵਿਚ ਆ ਸਕਦੇ ਹੋ। ਪਰਿਵਾਰਿਕ ਮੈਂਬਰ ਜਾਂ ਜੀਵਨਸਾਥੀ ਉਦਾਸੀ ਦੀ ਵਜਾਹ ਬਣ ਸਕਦਾ ਹੈ। ਕਿਸੇ ਤੀਜੇ ਇਨਸਾਨ ਦਾ ਦਖਲ ਤੁਹਾਡੇ ਅਤੇ ਤੁਹਾਡੇ ਪ੍ਰੇਮੀ ਵਿਚਕਾਰ ਪ੍ਰਤੀਰੋਧ ਪੈਦਾ ਕਰੇਗਾ। ਕੰਮ ਦਾ ਅਤੇ ਘਰ ਦਾ ਦਬਾਅ ਤੁਹਾਨੂੰ ਥੋੜਾ ਗੁੱਸੇ ਵਾਲਾ ਬਣਾ ਸਕਦਾ ਹੈ। ਅੱਜ ਤੁਸੀ ਕੋਈ ਨਵੀਂ ਪੁਸਤਕ ਖਰੀਦ ਕੇ ਕਿਸੇ ਕਮਰੇ ਵਿਚ ਖੁਦ ਨੂੰ ਬੰਦ ਕਰਕੇ ਉਤਮ ਵਿਚਾਰਾਂ ਨਾਲ ਪੂਰਾ ਦਿਨ ਗੁਜ਼ਾਰ ਸਕਦੇ ਹੋ। ਅੱਜ ਖਰਚਿਆਂ ਨੂੰ ਲੈ ਕੇ ਤੁਹਾਡੇ ਜੀਵਨ ਸਾਥੀ ਤੇ ਸੰਬੰਧਾਂ ਵਿਚ ਤਣਾਵ ਸੰਭਵ ਹੈ।

ਬ੍ਰਿਸ਼ਭ : ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਹ ਤੁਹਾਡੀ ਨੀਂਦ ਵਿਚ ਅੜਚਣ ਪਾ ਕੇ ਤੁਹਾਨੂੰ ਗਹਿਰੇ ਆਰਾਮ ਵਿਚ ਪਾ ਸਕਦੀ ਹੈ। ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਆਪਣੇ ਘਰ ਦੇ ਉਨਾਂ ਮੈਂਬਰਾ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਤੁਹਾਡੇ ਤੋਂ ਆਰਥਿਕ ਮਦਦ ਮੰਗਦੇ ਹਨ ਅਤੇ ਫਿਰ ਵਾਪਸ ਨਹੀਂ ਕਰਦੇ। ਆਪਣੇ ਜੀਵਨ ਵਿਚ ਇਕ ਸ਼ਾਨਦਾਰ ਤਾਲ ਨੂਮ ਰਿਵਾਜ ਕਰੋ ਅਤੇ ਸਮਰਪਣ ਦੀਆਂ ਕਦਰਾਂ ਕੀਮਤਾਂ, ਦਿਲ ਵਿਚ ਪਿਆਰ ਅਤੇ ਸਿੱਧੇ ਚਲਣ ਦੀ ਕਲਾ ਸਿੱਖੋ ਇਹ ਤੁਹਾਡੇ ਪਰਿਵਾਰਿਕ ਜੀਵਨ ਨੂੰ ਅਰਥਪੂਰਨ ਬਣਾਏਗਾ। ਅੱਜ ਤੁਸੀ ਆਪਣੇ ਦੀ ਸੰਘਰਸ਼ਾਂ ਨੂੰ ਆਪਣੇ ਜੀਵਨ ਸਾਥੀ ਨਾਲ ਸਾਂਝਾ ਕਰ ਸਕਦੇ ਹੋ ਹਾਲਾਂ ਕਿ ਇਸ ਦੀ ਬਜਾਏ ਉਹ ਆਪਣੀਆਂ ਮੁਸ਼ਕਿਲਾਂ ਬਾਰੇ ਦੱਸਣਾ ਸ਼ੁਰੂ ਕਰ ਦੇਣਗੇ ਜੋ ਤੁਹਾਨੂੰ ਵੱਧ ਪਰੇਸ਼ਾਨ ਕਰਨਗੇ। ਜੋ ਲੋਕ ਕੰਪੀਟਿਟਿਵ ਪੇਪਰਾਂ ਦੀ ਤਿਆਰੀ ਕਰ ਰਹੇ ਹਨ ਉਨਾਂ ਨੂੰ ਦਿਮਾਗ ਠੰਡਾ ਰੱਖਣ ਦੀ ਲੋੜ ਹੈ ਪੇਪਰਾਂ ਦੀ ਘਬਰਾਹਟ ਨੂੰ ਹਾਵੀ ਨਾ ਹੋਣ ਦਿਉ ਤੁਹਾਡਾ ਪ੍ਰਯਾਸ ਸਾਕਾਰਤਮਕ ਪਰਿਣਾਮ ਜ਼ਰੂਰ ਦੇਵੇਗਾ। ਅੱਜ ਪੂਰਾ ਦਿਨ ਤੁਸੀ ਖਾਲੀ ਰਹਿ ਸਕਦੇ ਹੋ ਅਤੇ ਟੀਵੀ ਤੇ ਕਈਂ ਫਿਲਮਾਂ ਅਤ ਪ੍ਰੋਗਰਾਮ ਦੇਖ ਸਕਦੇ ਹੋ। ਤੁਸੀ ਆਪਣੇ ਜੀਵਨਸਾਥੀ ਨਾਲ ਇਕ ਆਰਾਮਦਾਇਕ ਦਿਨ ਗੁਜ਼ਾਰੋਗੇ।

ਕਰਕ : ਬਿਮਾਰੀ ਤੁਹਾਡੀ ਉਦਾਸੀ ਦੀ ਵਜਾਹ ਹੋ ਸਕਦੀ ਹੈ ਤੁਹਾਨੂੰ ਪਰਿਵਾਰ ਵਿਚ ਫਿਰ ਤੋਂ ਖੁਸ਼ੀ ਦਾ ਮਾਹੌਲ ਬਣਾਉਣ ਦੇ ਲਈ ਜਲਦ ਤੋਂ ਜਲਦ ਇਸ ਤੋਂ ਬਾਹਰ ਆਉਣ ਦੀ ਲੋੜ ਹੈ। ਅੱਜ ਦੇ ਦਿਨ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਦਾਨ ਪੁੰਨ ਵੀ ਕਰਨਾ ਚਾਹੀਦਾ ਹੈ ਕਿਉਂ ਕਿ ਇਸ ਤੋਂ ਤੁਹਾਨੂੰ ਮਾਨਸਿਕ ਸ਼ਾਂਤੀ ਮਿਲੇਗੀ। ਕਿਸੇ ਦੂਰ ਦੇ ਰਿਸ਼ਤੇਦਾਰ ਤੋਂ ਅਚਾਨਕ ਮਿਲੀ ਖਬਰ ਤੁਹਾਡਾ ਦਿਨ ਬਣਾ ਸਕਦੀ ਹੈ। ਉਤੇਜਕ ਦਿਨ ਹੈ ਕਿਉਂ ਕਿ ਤੁਹਾਡਾ ਪਿਆਰਾ ਤੁਹਾਨੂੰ ਤੋਹਫੇ ਦੇ ਸਕਦਾ ਹੈ। ਕੰਮ ਕਾਰ ਨਾਲ ਜੁੜੇ ਮਾਮਲਿਆਂ ਵਿਚ ਦੋਸਤ ਦਾ ਅਹਿਮ ਸਹਿਯੋਗ ਮਦਦਗਾਰ ਰਹੇਗਾ। ਅੱਜ ਦਾ ਦਿਨ ਤੁਸੀ ਪਰਿਵਾਰ ਦੇ ਛੋਟੇ ਮੈਂਬਰਾਂ ਨਾਲ ਪਾਰਕ ਜਾਂ ਮਾਲ ਵਿਚ ਖਰੀਦਦਾਰੀ ਤੇ ਜਾ ਸਕਦੇ ਹੋ। ਤੁਸੀ ਅਤੇ ਤੁਹਾਡਾ ਜੀਵਨਸਾਥੀ ਮਿਲਕੇ ਵਿਵਾਹਿਕ ਜੀਵਨ ਬੇਹਤਰੀਨ ਯਾਦਾਂ ਰਚੋਗੇ।

ਕੰਨਿਆ : ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਆਰਥਿਕ ਤੋਰ ਤੇ ਸੁਧਾਰ ਤੈਅ ਹੈ। ਇਕ ਬੇਹਤਰੀਨ ਸ਼ਾਮ ਦੇ ਲਈ ਰਿਸ਼ਤੇਦਾਰ ਦੋਸਤ ਘਰ ਆ ਸਕਦੇ ਹਨ। ਆਪਣੇ ਪਿਆਰ ਦੇ ਨਾਲ ਸੈਰ ਸਪਾਟੇ ਤੇ ਜਾਂਦੇ ਸਮੇਂ ਬੀਤੇ ਅਨੁਭਵਾਂ ਨੂੰ ਸ਼ਿੱਦਤ ਨਾਲ ਜੀਵੋ। ਅੱਜ ਲਾਭ ਹੋ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਤੁਸੀ ਆਪਣੀ ਗੱਲ ਭਲੀਭਾਂਤ ਰੱਖੋ ਅਤੇ ਕੰਮ ਵਿਚ ਲਗਾਵ ਤੇ ਉਤਸ਼ਾਹ ਦਿਖਾਉ। ਅੱਜ ਦੇ ਦਿਨ ਖਰੀਦਦਾਰੀ ਅਤੇ ਹੋਰ ਗਤੀਵਿਧੀਆਂ ਵਿਚ ਤੁਸੀ ਵਿਅਸਤ ਰਹੋਗੇ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀ ਹੋਇਆ।

ਬ੍ਰਿਸ਼ਚਕ : ਆਪਣੀਆਂ ਭਾਵਨਾਵਾਂ ਤੇ ਖਾਸ ਤੋਰ ਤੇ ਗੁੱਸੇ ਉੱਪਰ ਕਾਬੂ ਰੱਖੋ। ਅੱਜ ਕਿਸੇ ਵਿਪਰਿਤ ਲਿੰਗ ਦੀ ਮਦਦ ਨਾਲ ਤੁਹਾਡੇ ਕਾਰੋਬਾਰ ਜਾਂ ਨੋਕਰੀ ਵਿਚ ਆਰਥਿਕ ਲਾਭ ਹੋਣ ਦੀ ਸੰਭਾਵਨਾ ਹੈ। ਰਿਸ਼ਤੇਦਾਰਾਂ ਦੇ ਨਾਲ ਛੋਟੀ ਯਾਤਰਾ ਤੁਹਾਡੇ ਭੱਜਦੋੜ ਭਰੇ ਦਿਨ ਵਿਚ ਆਰਾਮ ਅਤੇ ਸਕੂਨ ਦੇਣ ਵਾਲੀ ਸਾਬਿਤ ਹੋਵੇਗੀ। ਤੁਹਾਡੇ ਲਈ ਪਿਆਰ ਹਵਾ ਵਿਚ ਹੈ ਆਸ ਪਾਸ ਦੇਖੋ ਹਰ ਚੀਜ ਗੁਲਾਬੀ ਹੈ। ਕੰਮਕਾਰ ਵਿਚ ਤੁਸੀ ਖੁਦ ਨੂੰ ਖਾਸ ਮਹਿਸੂਸ ਕਰੋਗੇ। ਇਸ ਰਾਸ਼ੀ ਵਾਲਿਆਂ ਨੂੰ ਅੱਜ ਖਾਲੀ ਸਮੇਂ ਵਿਚ ਅਧਿਆਤਮਕ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਜਿਹਾ ਕਰਕੇ ਤੁਸੀ ਕਈ ਮੁਸ਼ਕਿਲਾਂ ਦੂਰ ਕਰ ਸਕਦੇ ਹੋ। ਤੁਹਾਡੀ ਵਿਆਹੁਤਾ ਜ਼ਿੰਦਗੀ ਅੱਜ ਰੰਗਾਂ ਨਾਲ ਭਰੀ ਨਹੀ ਰਹੇਗ।

ਮਕਰ : ਭਾਵਨਾਵਾਂ ਦੀ ਰਫਤਾਰ ਤੇਜ਼ ਹੋਵੇਗੀ ਤੁਹਾਡਾ ਵਿਵਹਾਰ ਆਸ ਪਾਸ ਦੇ ਲੋਕਾਂ ਵਿਚ ਉਲਝਣ ਪੈਦਾ ਕਰੇਗਾ ਜੇਕਰ ਤੁਸੀ ਤੁਰੰਤ ਨਤੀਜਾ ਚਾਹੋਗੇ ਤਾਂ ਉਦਾਸੀ ਤੁਹਾਨੂੰ ਘੇਰ ਸਕਦੀ ਹੈ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਘਰ ਵਿਚ ਉਲਾਸ ਦਾ ਮਾਹੌਲ ਤੁਹਾਡੇ ਤਣਾਅ ਨੂੰ ਘੱਟ ਕਰ ਦੇਵੇਗਾ। ਤੁਸੀ ਵੀ ਪੂਰੀ ਸਹਾਭੀਗਤਾ ਕਰੋ ਅਤੇ ਮਹਿਜ਼ ਸ਼ਾਤ ਦਰਸ਼ਕ ਨਾ ਬਣੋ। ਕਾਰਡ ਤੇ ਰੋਮਾਂਸ ਪਰ ਸੰਵੇਦਨਾਤਮਕ ਭਾਵਨਾਵਾਂ ਫੁੱਟ ਸਕਦੀਆਂ ਹਨ ਜੋ ਤੁਹਾਡੇ ਰਿਸ਼ਤੇ ਵਿਚ ਮੁਸ਼ਕਿਲ ਪੈਦਾ ਕਰਨਗੀਆਂ । ਤੁਸੀ ਕਾਮਯਾਬੀ ਜ਼ਰੂਰ ਹਾਸਿਲ ਕਰੋਗੇ ਬਸ ਸਮੇਂ ਸਮੇਂ ਤੇ ਕੁਝ ਮਹੱਤਵਪੂਰਨ ਕਦਮ ਉਠਾਉਣ ਦੀ ਲੋੜ ਹੈ। ਸਮੇਂ ਦੇ ਨਾਲ ਚਲਣਾ ਤੁਹਾਡੇ ਲਈ ਚੰਗਾ ਹੈ ਪਰੰਤੂ ਨਾਲ ਹੀ ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੱਕ ਤੁਹਾਡੇ ਕੋਲ ਖਾਲੀ ਸਮਾਂ ਹੈ ਆਪਣੇ ਕਰੀਬੀਆਂ ਦੇ ਨਾਲ ਸਮਾਂ ਬਿਤਾਉ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

ਮੀਨ : ਖੁਸ਼ੀ ਭਰੇ ਦਿਨ ਦੇ ਲਈ ਮਾਨਸਿਕ ਤਣਾਅ ਅਤੇ ਝੰਝਟ ਤੋਂ ਬਚੋ। ਕੋਈ ਬੇਹਤਰੀਨ ਨਵਾਂ ਵਿਚਾਰ ਤੁਹਾਨੂੰ ਆਰਥਿਕ ਤੋਰ ਤੇ ਲਾਭ ਪਹੁੰਚਾਏਗਾ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਅਜਿਹੇ ਕੱਪੜੇ ਨਾ ਪਾਵੋ ਜਿਹੜੇ ਤੁਹਾਡੇ ਪ੍ਰੇਮੀ ਨੂੰ ਪਸੰਦ ਨਹੀ ਕਿਉਂ ਕਿ ਇਹ ਉਸ ਨੂੰ ਨਾਰਾਜ਼ ਕਰ ਸਕਦਾ ਹੈ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਇਸ ਰਾਸ਼ੀ ਵਾਲਿਆਂ ਨੂੰ ਅੱਜ ਖਾਲੀ ਸਮੇਂ ਵਿਚ ਅਧਿਆਤਮਕ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਜਿਹਾ ਕਰਕ

ਪੰਜਾਬ ਸਟਾਰ
www.punjabstar.com

ਅਹਿਮੀਅਤ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਕਈ ਲੋਕਾਂ ਨੂੰ ਇਹ ਮੁਗ਼ਾਲਤਾ ਹੋ ਜਾਂਦਾ ਹੈ ਕਿ ਉਹ ਦੂਸਰਿਆਂ ਵਾਸਤੇ ਬਹੁਤ ਅਹਿਮ ਹਨ ਜਦ ਕਿ ਅਜਿਹਾ ਕੁੱਜ ਵੀ ਨਹੀਂ ਹੁੰਦਾ। ਦਰਅਸਲ ਅਹਿਮੀਅਤ ਮਨੁੱਖੀ ਲੋੜ ਨਾਲ ਬੱਝੀ ਹੋਈ ਹੈ, ਜਿਸ ਨੂੰ ਜਿੰਨੀ ਕਿਸੇ ਦੀ ਲੋੜ ਹੈ, ਉਹ ਓਨੀ ਹੀ ਉਸ ਨੂੰ ਅਹਿਮੀਅਤ ਦੇਵੇਗਾ। ਜੇਕਰ ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਇਕ ਤਜਰਬਾ ਕਰਕੇ ਦੇਖ ਲਓ। ਕੁੱਜ ਕੁ ਦਿਨ ਰੁਪੋਸ਼ ਹੋ ਜਾਓ, ਰਿਸ਼ਤੇਦਾਰਾਂ, ਦੋਸਤਾਂ ਤੇ ਸਕੇ ਸੰਬੰਧੀਆਂ ਦੀ ਨਜ਼ਰ ਤੋ ਓਝਲ ਹੋ ਜਾਓ, ਜੇਕਰ ਸ਼ੋਸ਼ਲ ਮੀਡੀਏ 'ਤੇ ਡੇਰਾ ਜਮਾਈਏ ਰੱਖਦੇ ਹੋ ਤਾਂ ਕੁੱਜ ਦਿਨਾਂ ਵਾਸਤੇ ਇਸ ਦਾ ਸਵਿਚ ਬੰਦ ਕਰ ਦਿਓ, ਤੁਸੀਂ ਦੇਖੋਗੇ ਕਿ ਬਹੁਤ ਛੇਤੀਂ ਲੋਕ ਤੁਹਾਡਾ ਨਾਮਵੀ ਭੁੱਲ ਜਾਣਗੇ । ਇਹ ਦੁਨੀਆ ਦਰਅਸਲ ਚੜ੍ਹਦੇ ਸੂਰਜ ਨੂੰ ਸਲਾਮ ਕਰਦੀ ਹੈ , ਜਦ ਸੂਰਜ ਸ਼ਾਮ ਨੂੰ ਛਿਪ ਜਾਂਦਾ ਹੈ ਤਾਂ ਰਾਤ ਵੇਲੇ ਕੋਈ ਵੀ ਸੂਰਜ ਦੀਆਂਗੱਲਾਂ ਨਹੀਂ ਕਰਦਾ, ਚੰਦ ਸਿਤਾਰਿਆਂ ਦੀ ਬਾਤ ਹੀ ਪਾਈ ਜਾਂਦੀ ਹੈ । ਇਸੇ ਤਰਾਂ ਦਿਨੇ ਹੁੰਦਾ ਹੈ । ਅਰਥਾਤ ਜੋ ਸਾਹਮਣੇ ਹੈ, ਸਲਾਮ ਉਸੇ ਨੂੰ ਹੈ ।

ਪੰਜਾਬੀ ਵਿੱਚ ਇਕ ਕਹਾਵਤ ਹੈ ਕਿ "ਅੱਜ ਮਰੇ, ਕੱਲ੍ਹ ਦੂਜਾ ਦਿਨ" ਇਹ ਕਹਾਵਤ ਦੇਖਣ ਬੋਲਣ ਨੂੰ ਬਹੁਤ ਸਧਾਰਨ ਜਿਹੀ ਲਗਦੀ ਹੈ ਪਰ ਅਸਲੀਅਤ ਇਹ ਹੈ ਕਿ ਇਹ ਕਹਾਵਤ ਆਪਣੇ ਅੰਦਰ ਦੁਨੀਆ ਦੀ ਫ਼ਿਤਰਤ ਦਾ ਬਹੁਤ ਕੌੜਾ ਸੱਚ ਲਕੋਈ ਬੈਠੀ ਹੈ। ਇਸ ਦੇ ਅਰਥ ਵੀ ਓਹੀ ਹਨ ਕਿ ਜੋ ਦੁਨੀਆ ਤੋਰੱਲ ਗਿਆ, ਉਹ ਸਭਨਾ ਨੂੰ ਬੜੀ ਛੇਤੀ ਭੁੱਲ ਜਾਂਦਾ ਹੈ। ਜਿਸ ਦੀ ਇਸ ਜੱਗ ਵਿੱਚ ਪੂਰੀ ਤੂਤੀ ਬੋਲਦੀ ਸੀ ਉਹ ਬਹੁਤ ਛੇਤੀ ਲੋਕਾਂ ਦੇ ਚੇਤਿਆ ਵਿੱਚੋ ਵੀ ਵਿੱਸਰ ਜਾਂਦਾ ਹੈ। ਪਰਿਵਾਰਕ ਮੈਂਬਰ, ਰਿਸ਼ਤੇਦਾਰ, ਦੋਸਤ ਮਿੱਤਰ ਤੇ ਸਮਾਜਿਕ ਭਾਈਚਾਰਾ ਕੁੱਜ ਦਿਨਾਂ ਦਾ ਸੋਗ ਮਨਾਉਣ ਤੋਂ ਬਾਅਦ ਆਪਣੇ ਨਿੱਤ ਦੇ ਕਾਰੋਬਾਰਾਂ 'ਚ ਰੁੱਝ ਜਾਂਦੇ ਹਨ ਤੇ ਫਿਰ ਪਤਾ ਹੀ ਨਹੀਂ ਲਗਦਾ ਦੁਨੀਆ ਤੋ ਕੂਚ ਕਰ ਜਾਣ ਵਾਲੇ ਦਾ ਸਭਨਾ ਨੂੰ ਚੇਤਾ ਕਿਵੇਂ ਭੁੱਲ ਗਿਆ ।

ਕਿਸੇ ਨੇ ਸਿਆਣੇ ਨੂੰ ਪੁੱਛਿਆ ਕਿ ਦੁਨੀਆ ਕਿਵੇਂ ਚਲਦੀ ਹੈ ਤਾਂ ਸਿਆਣੇ ਨੇ ਬਹੁਤ ਵਧੀਆ ਉੱਤਰ ਦਿੱਤਾ ਕਿ ਦੁਨੀਆ ਨਾ ਹੀ ਪਿਆਰ ਨਾਲ ਚਲਦੀ ਹੈ ਤੇ ਨਾਹੀ ਸਤਿਕਾਰ ਨਾਲ, ਨਾ ਕੋਈ ਦੁਨੀਆ ਨੂੰ ਡੰਡੇ ਨਾਲ ਚਲਾ ਸਕਦਾ ਹੈ ਤੇ ਨਾ ਡਰਾ ਕੇ, ਨਾ ਹੀ ਦੁਨੀਆ ਬੱਝਕੇ ਚੱਲਦੀ ਤੇ ਨਾ ਖੁੱਲ੍ਹੇਆਮ, ਜੇਕਰ ਦੁਨੀਆ ਚੱਲਦੀ ਹੈ ਤੇ ਉਹ ਸਿਰਫ਼ ਮਤਲਬ ਨਾਲ ਚਲਦੀ ਹੈ, ਲੋੜ ਨਾਲ ਚਲਦੀ ਹੈ, ਇਕ ਦੂਜੇ ਦੀ ਜ਼ਰੂਰਤ ਨਾਲ ਚਲਦੀ ਹੈ ਤੇ ਏਹੀ ਉਹ ਨੁਕਤਾ ਹੈ ਜਿਸ ਨਾਲਸਮਾਜ ਬਣਦਾ ਹੈ, ਰਿਸ਼ਤੇ ਨਾਤੇ ਤੇ ਸਾਕ ਸਕੀਰੀਆਂ ਬਣਦੀਆਂ ਹਨ ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਬੰਦੇ ਦੀ ਅਹਿਮੀਅਤ ਸਿਰਫ ਮਤਲਬ ਨਾਲ ਬੱਝੀ ਹੋਈ ਹੈ ਤਾਂ ਫਿਰ ਬੰਦਾ ਆਪਣੇ ਆਪ ਨੂੰ ਅਹਿਮ ਕਿਓਂ ਸਮਝਣ ਲੱਗ ਜਾਂਦਾ ਹੈ। ਇਸ ਤਰਾਂ ਸੋਚ ਕੇ ਫੁੱਲ ਕੇ ਕੁੱਪਾ ਕਿਓ ਬਣ ਜਾਂਦਾ ਹੈ, ਹੰਕਾਰੀ ਕਿਓਂ ਬਣ ਜਾਂਦਾ ਹੈ ਤਾਂ ਇਸ ਦਾ ਉੱਤਰ ਇਹ ਹੈ ਕਿ ਆਪਣੇ ਆਪ ਨੂੰ ਬਹੁਤ ਅਹਿਮ ਜਾਂ ਫੰਨੇ ਖਾਂ ਸਮਝਣ ਵਾਲਾ ਅਸਲ ਵਿੱਚ ਫੋਕੀ ਈਗੋ ਦਾ ਸ਼ਿਕਾਰ ਹੁੰਦਾ ਹੈ। ਇਸ ਤਰਾਂ ਦੀ ਬਿਰਤੀ ਵਾਲੇ ਮਨੁੱਖ ਦੇ ਸਿਰ ਨੂੰ ਈਗੋ ਵਾਲੇ ਕੁੰਡਲੀਏ ਸੱਪ ਨੇ ਕੱਸ ਕੇ ਲਪੇਟਾ ਮਾਰ ਲਿਆ ਹੁੰਦਾ ਹੈ, ਜਿਸ ਕਾਰਨ ਉਹ ਫਿਰ ਛੋਟੀ ਛੋਟੀ ਗੱਲ 'ਤੇ ਈਗੋ ਹਰਟ ਹੋ ਗਈ ਮਹਿਸੂਸ ਕਰਦਾ ਹੈ, ਈਰਖਾ ਦੇ ਫੁੰਕਾਰੇਮਾਰਦਾ ਹੈ ਤੇ ਨਿੱਕੀ ਨਿੱਕੀ ਗੱਲੋ ਨੱਕੋ ਨੂੰਹੋਂ ਸੁੱਟਦਾ ਹੈ ਜਾਂ ਚਿੜਚਿੜੇਪਨ ਦੀਆਂ ਚੰਗਿਆੜੀਆਂ ਤੇ ਚੁੱਲ੍ਹੇ ਦੀ ਅੱਗ ਦੇ ਫੁੰਕਾਰੇ ਛੱਡਣ ਲੱਗ ਜਾਂਦਾ ਹੈ ।

ਮਨੁੱਖ ਦੀ ਕਿੰਨੀ ਕੁ ਅਹਿਮੀਅਤ ਹੈ ਇਸ ਦੇ ਅਹੰਕਾਰ ਤੋ ਬਚਣ ਵਾਸਤੇ ਕਦੇ ਕਦਾ ਮਨੁੱਖ ਨੂੰ ਸ਼ਮਸ਼ਾਨ-ਘਾਟ ਦਾ ਚੱਕਰ ਜ਼ਰੂਰ ਮਾਰਨਾ ਚਾਹੀਦਾ ਹੈ ਤਾਂ ਕਿਚੇਤਾ ਰਹੇ ਕਿ "ਸਾਢੇ ਤਿੰਨ ਹੱਥ ਧਰਤੀ ਤੇਰੀ, ਵੱਡੀਆਂ ਜਗੀਰਾਂ ਵਾਲਿਆਂ " ਇਸ ਦੇ ਨਾਲ ਹੀ ਇਹ ਵੀ ਪਤਾ ਲੱਗ ਸਕੇ ਕਿ ਪਹਿਲਾਂ ਕਿੰਨੇ ਕੁ ਵੱਡੀਆਂ-ਵੱਡੀਆਂ ਢੁੱਠਾਂ ਵਾਲਿਆਂ ਤੇ ਤਖ਼ਤਾਂ ਤਾਜਾਂ ਵਾਲਿਆਂ ਦੀਆ ਅਹਿਮੀਅਤ ਦੇ ਹੰਕਾਰ ਨਾਲ ਭਰੀਆਂ ਖੋਪੜੀਆਂ, ਉੱਥੇ ਰੁਲ ਰਹੀਆਂ ਹਨ ਤੇ ਲੰਘਣ ਵਾਲਿਆਂ ਦੇ ਠੁੱਡੇ ਖਾ ਰਹੀਆਂ ਹਨ ।

ਇੱਥੇ ਇਹ ਕਹਿਣਾ ਬਹੁਤ ਹੀ ਮਹੱਤਵ ਪੂਰਨ ਹੈ ਕਿ ਜੋ ਲੋਕ ਆਪਣੀ ਅਹਿਮੀਅਤ ਦੇ ਹੰਕਾਰ ਤੋ ਹਜ਼ਾਰਾਂ ਕੋਹ ਪਰੇ ਹੋ ਕੇ ਵਿਚਰਦੇ ਹੋਏ ਇਕ ਸਾਦੇ ਮਨੁੱਖਦੇ ਕਿਰਦਾਰ ਚ ਲੋਕਾਂ ਦੇ ਭਲੇ ਵਾਸਤੇ ਕੰਮ ਕਰਦੇ ਹੋਏ, ਇਸ ਸੰਸਾਰ ਤੋਂ ਸਦੀਵੀ ਵਿਛੋੜਾ ਪਾ ਜਾਂਦੇ ਹਨ, ਦੁਨੀਆ ਉਹਨਾਂ ਨੂੰ ਹਮੇਸ਼ਾ ਯਾਦ ਕਰਦੀ ਹੈ ਤੇ ਉਹ ਹਮੇਸ਼ਾ ਲਈ ਅਮਰ ਹੋ ਜਾਂਦੇ ਹਨ ।

ਇਹ ਗੱਲ ਵੀ ਹਰ ਮਨੁੱਖ ਨੂੰ ਜ਼ਰੂਰ ਸਮਝਣੀ ਚਾਹੀਦੀ ਹੈ ਕਿ ਉਹ ਕੁਦਰਤ ਦਾ ਇਕ ਬਹੁਤ ਹੀ ਵਿਲੱਖਣ ਅੰਸ਼ ਹੈ, ਜੋ ਧਰਤੀ 'ਤੇ ਪੈਦਾ ਹੋ ਕੇ ਧਰਤੀ ਉੱਤੇਹੀ ਜੀਵਨ ਭਰ ਵਿਚਰਦਾ ਹੈ। ਇਸ ਕਰਕੇ ਉਸ ਨੂੰ ਜ਼ਮੀਨ ਨਾਲ ਹਮੇਸ਼ਾ ਜੁੜਕੇ ਰਹਿਣਾ ਚਾਹੀਦਾ, ਕੁਦਰਤ ਨਾਲ ਮੋਹ ਰੱਖਣਾ ਚਾਹੀਦਾ ਹੈ ਤੇ ਹਰ ਜੀਵ ਨੂੰਆਪਣੇ ਜਿੰਨਾ ਹੀ ਸਤਿਕਾਰ ਦੇਣਾ ਚਾਹੀਦਾ ਹੈ। ਉਸ ਦੇ ਮਨ ਵਿੱਚ ਕਦੇ ਵੀ ਜਾਤ, ਗੋਤ, ਮਜ਼ਹਬ ਤੇ ਰੰਗ ਰੂਪ ਦਾ ਅਹਿੰਕਾਰ ਨਹੀਂ ਆਉਣਾ ਚਾਹੀਦਾ ਕਿਉਂਕਿ ਇਹ ਜਨਮਜਾਤ ਨਹੀਂ ਹਨ, ਬੱਲ ਕਿ ਸਮਾਜ ਵਿੱਚ ਪੈਦਾ ਹੋ ਕੇ ਆਪਣੇ ਆਪ ਨੂੰ ਲੱਠ ਮਾਰ ਸਮਝਣ ਜਾਂ ਧਰਮ ਦੇ ਠੇਕੇਦਾਰ ਸਮਝਣ ਵਾਲੇ ਲੋਕਾਂ ਨੇਮਨੁੱਖੀ ਨਸਲ ਚ ਵੰਡੀਆ ਪਾ ਕੇ ਉਸ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਸਤੇ ਖੜ੍ਹੇ ਕੀਤੇ ਹੋਏ ਝਮੇਲੇ ਹੁੰਦੇ ਹਨ, ਜਿਹਨਾਂ ਤੋਂ ਹਰ ਮਨੁੱਖ ਨੂੰ ਬੇਲਾਗ ਰਹਿ ਕੇ ਇਸ ਸੰਸਾਰ ਨੂੰ ਸੁੰਦਰ ਬਣਾਉਣ ਚ ਯੋਗਦਾਨ ਪਾਉਣਾ ਚਾਹੀਦਾ ਹੈ।

ਮੁੱਕਦੀ ਗੱਲ ਇਹ ਕਿ ਅਹਿਮਤੀਅਤ ਮਨੁੱਖ ਦੀ ਨਹੀਂ ਸਗੋ ਲੋੜ ਦੀ ਹੁੰਦੀ ਹੈ । ਜਿਸ ਨੂੰ ਕਿਸੇ ਨਾਲ ਜਿੰਨਾ ਕੁ ਮਤਲਬ ਹੈ ਉਹ ਉਨਾ ਕੁ ਹੀ ਉਸ ਵਾਸਤੇ ਅਹਿਮ ਹੁੰਦਾ ਹੈ। ਜੇਕਰ ਬਹੁਤਿਆਂ ਨੂੰ ਇਕ ਮਨੁੱਖ ਨਾਲ ਮਤਲਬ ਹੈ ਤਾਂ ਉਹ ਬਹੁਤਿਆਂ ਲਈ ਅਹਿਮ ਹੋਵੇਗਾ ਤੇ ਉਨਾ ਚਿਰ ਹੀ ਅਹਿਮ ਬਣਿਆ ਰਹੇਗਾ ਜਿੰਨਾਂ ਚਿਰ ਲੋੜ ਪੂਰਤੀ ਦਾ ਸਾਧਨ ਬਣਿਆ ਰਹਿੰਦਾ ਹੈ ਤੇ ਜਦੋ ਉਹ ਲੋੜ ਪੂਰਤੀ ਦਾ ਸਾਧਨ ਨਹੀਂ ਰਹਿੰਦਾ ਫਿਰ ਲੋੜਵੰਦ ਕਿਸੇ ਹੋਰ ਅਜਿਹੇ ਸ਼ਖਸ਼ ਦੀ ਤਲਾਸ਼ ਕਰਕੇ ਉਸ ਨੂੰ ਅਹਿਮ ਬਣਾ ਦੇਂਦੇ ਹਨ, ਤੇ ਉਹ ਉਹਨਾ ਲੋਕਾਂ ਦਾ ਉੱਲੂ ਸਿੱਧਾ ਕਰਨ ਦਾ ਜਰੀਆ ਬਣ ਜਾਂਦਾ ਤੇ ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਹੁਣ ਇਸ ਮਤਲਬਖੋਰੀ ਨੂੰ ਅਹਿਮੀਅਤ ਕਹਿ ਲਓ ਜਾਂ ਬੱਲੇ ਬੱਲੇ ਛਾਵਾ ਛਾਵਾ, ਉੱਚਾ ਛਮਲਾ ਕਹਿ ਲਓ ਜਾਂ ਵੱਡੀ ਢੁੱਠ, ਇਹ ਸਾਡੀ ਸੋਚ 'ਤੇ ਮੁਨੱਸਰ ਹੈ। ਆਪਣੇ ਆਲੇ ਦੁਆਲੇ ਨਜ਼ਰ ਮਾਰਕੇ ਦੱਸਿਓ ਕਿ ਕੀ ਇਹ ਸਭ ਸਹੀ ਹੈ !

ਮਸ਼ੀਨ ਬਣ ਕੇ ਰਹਿ ਗਿਆ ਹੈ ਮਨੁੱਖ

ਹਰਪ੍ਰੀਤ ਕੌਰ ਸੰਧੂ

ਉਦਯੋਗੀਕਰਣ ਦੇ ਦੌਰ ਵਿਚ ਮਸ਼ੀਨ ਬਣ ਕੇ ਰਹਿ ਗਿਆ ਹੈ ਮਨੁੱਖ। ਮਸ਼ੀਨ ਵਾਂਗ ਕੰਮ ਕਰਦਾ ਹੈ। ਬਸ ਮਸ਼ੀਨਾਂ ਦੇ ਨਾਲ ਰਹਿ ਕੇ ਜਿਵੇਂ ਮਸ਼ੀਨ ਹੀ ਹੋ ਗਿਆ।

ਮੁਰਗੇ ਦੀ ਬਾਂਗ ਜਾਂ ਚਿੜੀਆਂ ਦੀ ਆਵਾਜ਼ ਸੁਣ ਕੇ ਨਹੀਂ ਅਲਾਰਮ ਦੀ ਟਿਕ ਟਿਕ ਸੁਣ ਕੇ ਉਠਦਾ ਹੈ। ਉੱਠਦਿਆਂ ਹੀ ਉਸਦੀ ਨਜ਼ਰ ਉੱਗਦੇ ਸੂਰਜ ਵੱਲ ਨਹੀਂ ਪੈਂਦੀ ਸਗੋ ਪੈਂਦੀ ਹੈ ਮੋਬਾਈਲ ਦੀ ਸਕਰੀਨ ਤੇ।

ਪਰਮਾਤਮਾ ਨੂੰ ਧਿਆਉਣ ਦੀ ਥਾਂ ਖੋਲਦਾ ਹੈ ਸੋਸ਼ਲ ਮੀਡੀਆ ਦਾ ਅਕਾਊਂਟ ਜਿਵੇਂ ਰਾਤੋ ਰਾਤ ਦੁਨੀਆ ਵਿੱਚ ਪਤਾ ਨਹੀਂ ਕੀ ਕੁਝ ਬਦਲ ਗਿਆ। ਇਸ ਫਿਕਰ ਵਿੱਚ ਕਿ ਉਹ ਕਿਤੇ ਇਹ ਸਭ ਵਿੱਚ ਪਿੱਛੇ ਨਾ ਰਹਿ ਜਾਵੇ।

ਘਰ ਵਿੱਚ ਕਿਸੇ ਨੂੰ ਸ਼ੁਭ ਸਵੇਰ ਕਹੇ ਜਾਂ ਨਾ ਕਹੇ ਸੋਸ਼ਲ ਮੀਡੀਆ ਤੇ ਕਈਆਂ ਨੂੰ ਭੇਜਦਾ ਸ਼ੁਭ ਸਵੇਰ ਦੇ ਸੰਦੇਸ਼। ਘੜੀ ਵੱਲ ਦੇਖ ਭੱਜਦਾ ਤਿਆਰ ਹੋਣ ਲਈ। ਹਰ ਕੰਮ ਲਈ ਸਮਾਂ ਨੀਅਤ ਕੀਤਾ ਹੋਇਆ। ਕਿੰਨੇ ਮਿੰਟ ਨਹਾਉਣ ਦੇ ਤੇ ਕਿੰਨੇ ਮਿੰਟ ਸ਼ੀਸ਼ੇ ਮੂਹਰੇ ਲਾਉਣ ਦੇ।

ਘੜੀ ਵੱਲ ਦੇਖ ਕੇ ਹੀ ਕਰਦਾ ਹੈ ਨਾਸ਼ਤਾ। ਆਪਣੇ ਆਪ ਨੂੰ ਸਵਾਰਨ ਵਿੱਚ ਇੱਕ ਮਿੰਟ ਨਾ ਘਟੇ ਵਧਿਆ ਸਭ ਭੋਜਨ ਵਿੱਚੋ ਕੱਟ ਜਾਂਦਾ। ਕਾਰ ਜਾਂ ਸਕੂਟਰ ਚੱਕ ਦੌੜਦਾ ਦਫਤਰ ਵੱਲ ਤੇ ਕੋਈ ਸਾਈਕਲ ਚੱਕ ਸਵੇਰ ਦੀ ਸ਼ਿਫਟ ਵੱਲ। ਸਭ ਭੱਜ ਰਹੇ ਹੁੰਦੇ। ਹਰੇਕ ਨੂੰ ਕੰਮ ਤੇ ਪਹੁੰਚਣ ਦੀ ਕਾਹਲ। ਜਿਵੇਂ ਕੋਈ ਅੱਗ ਲੱਗੀ ਹੈ ਜੋ ਉਹਨਾਂ ਨੇ ਹੀ ਬੁਝਾਉਣੀ ਹੈ ਸੜਕ ਤੇ ਹਰ ਕੋਈ ਇੱਕ ਦੂਜੇ ਤੋ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਾ।

ਆਪਣਾ ਆਪਣਾ ਕੰਮ ਕਰਦੇ ਘੜੀ ਵੱਲ ਵੇਖ ਵੇਖ। ਮਸ਼ੀਨਾਂ ਨਾਲ ਰਹਿ ਰਹੇ ਜਿਵੇਂ ਮਨੁੱਖ ਮਸ਼ੀਨ ਹੋ ਗਿਆ। ਇਕ ਦਫਤਰ ਵਿੱਚ ਕੰਮ ਕਰਨ ਵਾਲੇ ਸਾਰੇ ਕਲਪੁਰਜਿਆਂ ਦੇ ਵਾਂਗੂ ਫਿੱਟ ਹੋ ਜਾਂਦੇ। ਵਾਹੋ ਦਾਹੀ ਆਪਣਾ ਆਪਣਾ ਕੰਮ ਕਰਦੇ। ਕੰਮ ਕਰਦੇ ਘੱਟ ਦਿਖਾਉਂਦੇ ਜਿਆਦਾ।

ਸਰੀਰ ਦਫਤਰ ਵਿੱਚ ਹੁੰਦਾ ਤੇ ਮਨ ਕਿਤੇ ਹੋਰ। ਔਰਤਾਂ ਦਾ ਮਨ ਦਫਤਰ ਵਿੱਚ ਬੈਠਿਆਂ ਵੀ ਬੱਚਿਆਂ ਦੇ ਪਿੱਛੇ ਭੱਜਿਆ ਫਿਰਦਾ ਘਰਾਂ ਵਿੱਚ। ਮੋਬਾਇਲ ਤੇ ਇੱਕ ਦੂਜੇ ਦੀ ਜ਼ਿੰਦਗੀ ਦਾ ਮਿੰਟ ਮਿੰਟ ਦਾ ਹਿਸਾਬ ਰੱਖਦੇ ਜਿਵੇਂ ਕੋਈ ਬਹੀ ਖਾਤਾ ਲਿਖ ਰਹੇ ਹੋਣ।

ਘਰ ਤੋ ਵਾਪਸੀ ਤੱਕ ਬਣ ਜਾਂਦੀਆਂ ਲੰਬੀਆਂ ਲਿਸਟਾਂ ਉਸ ਸਮਾਨ ਦੀਆਂ ਜੋ ਘਰ ਲੈ ਕੇ ਜਾਣਾ ਹੈ। ਤਕੜਾ ਮਾੜਾ ਅਮੀਰ ਗਰੀਬ ਹਰ ਕੋਈ ਆਪਣੇ ਹਿਸਾਬ ਨਾਲ ਕੁਝ ਨਾ ਕੁਝ ਲੈ ਕੇ ਜਾਂਦਾ।

ਘਰ ਪਹੁੰਚਦਿਆਂ ਨੂੰ ਪੰਜ ਮਿੰਟ ਇਧਰ ਉਧਰ ਹੋਣ ਤੇ ਹੀ ਘੜੀ ਵੱਲ ਵੇਖ ਪੁੱਛ ਲਿਆ ਜਾਂਦਾ ਅੱਜ ਦੇਰੀ ਹੋ ਗਈ। ਬਈ ਮਨੁੱਖ ਹਾਂ ਖਰੀਦਦਾਰੀ ਕਰਦੇ ਕਿਸੇ ਨਾਲ ਦੋ ਮਿੰਟ ਗੱਲਾਂ ਵਿੱਚ ਵੀ ਲੱਗ ਸਕਦੇ। ਪਰ ਅਸੀਂ ਮਨੁੱਖ ਹੋਣਾ ਤਾਂ ਭੁੱਲ ਹੀ ਗਏ ਹਾਂ।

ਘਰ ਵੜਦੇ ਆ ਅਸੀਂ ਸ਼ੁਰੂ ਹੋ ਜਾਂਦਾ ਸ਼ਿਕਵੇ ਸ਼ਿਕਾਇਤਾਂ ਦਾ ਦੌਰ। ਬੰਦਾ ਕਰੇ ਵੀ ਕੀ। ਇੱਕ ਸਮੇਂ ਵਿੱਚ ਕਿੱਥੇ ਕਿੱਥੇ ਹਾਜ਼ਰ ਰਵੇ। ਹਰ ਕਿਸੇ ਕੋਲ ਇੱਕ ਪੰਡ ਹੈ ਸ਼ਿਕਾਇਤਾਂ ਦੀ।

ਕਹਿੰਦੇ ਨੇ ਬੰਦਾ ਕਿਸੇ ਨੂੰ ਖੁਸ਼ ਨਹੀਂ ਕਰ ਸਕਦਾ। ਮੈਨੂੰ ਤਾਂ ਜਾਪਦਾ ਬੰਦਾ ਖੁਦ ਨੂੰ ਵੀ ਖੁਸ਼ ਨਹੀਂ ਕਰ ਸਕਦਾ। ਇਹ ਤਾਂ ਵਾਹਵਾ ਹੀ ਔਖਾ ਕੰਮ ਹੈ।

ਆਪਣੀ ਵਿੱਤ ਮੁਤਾਬਕ ਹਰ ਕੋਈ ਆਪਣੇ ਮਨੋਰੰਜਨ ਦਾ ਛੋਟਾ ਜਿਹਾ ਇੰਤਜ਼ਾਮ ਕਰਦਾ। ਕੋਈ ਢਾਬੇ ਤੋਂ ਖਾਣਾ ਖਾ ਲੈਂਦਾ ਕੋਈ ਜ਼ਮੇਟੋ ਕਰ ਲੈਂਦਾ। ਕੋਈ ਦੇਸੀ ਦਾਰੂ ਦਾ ਅਧੀਆ ਲੈ ਲੈਂਦਾ ਕੋਈ ਅੰਗਰੇਜ਼ੀ ਦੀ ਬੋਤਲ। ਸ਼ਾਮ ਨਿਬੜਦੇ ਨਿਬੜਦੇ ਨਿਬੜ ਜਾਂਦੀ। ਰੋਟੀ ਪਾਣੀ ਖਾ ਸੌਣ ਦੀ ਕਾਹਲ ਹੋ ਜਾਂਦੀ ਕਿਉਂਕਿ ਸਵੇਰੇ ਉੱਠ ਕੇ ਫਿਰ ਕੰਮ ਤੇ ਜਾਣਾ ਹੈ। ਪਤੀ ਪਤਨੀ ਬੱਚੇ ਸਭ ਮਸ਼ੀਨ ਦੀ ਤਰ੍ਹਾਂ ਕੰਮ ਕਰਦੇ।

ਉਹੀ ਬੱਝੇ ਬਝਾਏ ਡਾਇਲੋਗ। ਉਹੀ ਰੋਜ਼ ਦੀ ਗੱਲਬਾਤ। ਸ਼ਬਦ ਜਿਵੇਂ ਮੁੱਕ ਗਏ ਹਨ। ਅਧੂਰੀ ਜਿਹੀ ਗੱਲ ਛੱਡ ਕੇ ਦੂਜੇ ਦਾ ਤਾਪਮਾਨ ਦੇਖਦੇ ਕਿ ਗੱਲ ਕੀਤੀ ਜਾਵੇ ਜਾਂ ਨਾ।

ਪਤਾ ਨਹੀਂ ਕਿੱਥੇ ਗਈਆਂ ਉਹ ਦਿਲ ਦੀਆਂ ਗੱਲਾਂ। ਅਪਣੱਤ ਤੇ ਸਾਂਝਾ। ਕੋਈ ਰਿਸ਼ਤੇਦਾਰ ਆਉਂਦਾ ਤਾਂ ਸਾਰੇ ਟੱਬਰ ਨੂੰ ਫਿਕਰ ਪੈ ਜਾਂਦੀ। ਬੱਚੇ ਹੀ ਪੁੱਛਣ ਲੱਗਦੇ ਇਹ ਕਿੰਨੇ ਦਿਨ ਰਹਿਣਗੇ।

ਪਿਆਰ ਮੁਹੱਬਤ ਤਾਂ ਜਿਵੇਂ ਨੇ ਖੰਭ ਲਾ ਕੇ ਉੱਡ ਗਿਆ ਹੋਵੇ। ਇਕ ਡਬਲ ਬੈਡ ਦੇ ਦੋ ਪਾਸਿਆਂ ਤੇ ਬੈਠੇ ਦੋ ਜਣੇ ਕਿਸੇ ਦੂਰ ਬੈਠੇ ਨਾ ਆਏ ਆਨਲਾਈਨ ਚੈਕਿੰਗ ਕਰਕੇ ਦਿਲ ਦੀ ਗੱਲਬਾਤ ਕਰਦੇ ਹਨ ਪਰ ਆਪਸ ਵਿੱਚ ਨਹੀਂ। ਇਹ ਸਭ ਉਦਯੋਗੀਕਰਣ ਦੀ ਹੀ ਦੇਣ ਹੈ। ਆਧੁਨਿਕਤਾ ਦੀ ਦੇਣ ਹੈ। ਅਸੀਂ ਘਰਾਂ ਵਿੱਚ ਇੱਕ ਮਸ਼ੀਨ ਵਿੱਚ ਫਿਟ ਹੋਏ ਕਲਪੁਰਜ਼ੇ ਹਾਂ ਜਿਨਾਂ ਦਾ ਆਪਣਾ ਆਪਣਾ ਕੰਮ ਹੈ। ਪਰ ਇੱਕ ਦੂਜੇ ਨਾਲ ਸਰੋਕਾਰ ਕੋਈ ਨਹੀਂ। ਦੇਖੋ ਅਜੇ ਹੋਰ ਕੀ ਦੇਖਣਾ ਬਾਕੀ ਹੈ। ਸਿਰਫ ਚਾਹਤ ਮਾਰ ਸਭ ਕੁਝ ਮਸ਼ੀਨੀ ਹੁੰਦਾ ਜਾ ਰਿਹਾ ਹੈ ਲੱਗਦਾ ਹੈ ਮਨੁੱਖ ਰੋਬੋਟ ਬਣ ਜਾਵੇਗਾ ਤੇ ਰੋਬੋਟ ਵਿੱਚ ਆਰਟਿਕਲ ਇੰਟੈਲੀਜਸ ਨਾਲ ਭਾਵਨਾਵਾਂ ਭਰੀਆਂ ਜਾਣਗੀਆਂ।

ਇਹ ਲਾਸ਼ ਕਿਸਦੀ ਹੈ...!

ਗਾਂਧੀ ਚੌਕ ਵਿਚ ਇਕ ਪਈ ਸੀ ਲਾਸ਼,
ਪਿਛੜੀ ਜਾਤੀ, ਨਹੀਂ ਅਗੜੀ ਜਾਤੀ, ਅਨੁਸੂਚਿਤ ਜਾਤੀ, ਨਹੀਂ ਨਹੀਂ ਜਨ ਜਾਤੀ,
ਵੇਖ ਕੇ ਗੁਜਰ ਰਹੇ ਸੀ ਲੋਕ,ਖੋ ਚੁੱਕੇ ਸਨ ਅਪਣਾ ਹੋਸ਼ੋ-ਹਵਾਸ।
ਪ੍ਰਸ਼ਾਸਨ ਵੀ ਫੇਰ ਹਰਕਤ ਵਿੱਚ ਸੀ ਆਇਆ,
ਲਾਸ਼ ਪਛਾਣਨ ਵਿੱਚ ਉਸਨੇ ਪੂਰਾ ਜੋਰ ਸੀ ਲਾਇਆ।
ਥੱਕ ਹਾਰ ਕੇ ਪ੍ਰਸ਼ਾਸਨ ਨੇ ਸਾਰੇ ਧਰਮ ਆਗੂਆਂ ਨੂੰ ਬੁਲਾਇਆ
ਇਸਦੇ ਨਾ ਲੰਮੀ ਦਾਹੜੀ ਹੈ ਨਾ ਗੋਲ ਟੋਪੀ ਹੈ, ਨਹੀਂ ਨਹੀਂ ਇਹ ਮੁਸਲਮਾਨ ਨਹੀਂ ਹੋ ਸਕਦਾ,
ਇਸ ਦੇ ਨਾ ਦਸਤਾਰ ਹੈ ਨਾ ਲੰਮਾ ਦਾਹੜਾ, ਨਹੀਂ ਇਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ,
ਇਸਨੇ ਤਾਂ ਕਰਾ

ਦੇਖਿਓ ! ਪੰਜਾਬੀਓ
ਪੰਜਾਬੀ ਨਾ ਭੁਲਾ ਦਿਓ



ਕੇਵਲ 'ਮਾਂ-ਬੋਲੀ' ਨੂੰ ਪੜ੍ਹ ਲੈਣਾ ਜਾਂ ਸੁਣ ਲੈਣਾ ਹੀ ਕਿਸੇ 'ਮਾਂ-ਬੋਲੀ' ਨਾਲ ਪਿਆਰ ਨਹੀਂ ਹੁੰਦਾ ਸਗੋਂ ਆਪਣੀ 'ਮਾਂ-ਬੋਲੀ' ਨੂੰ ਅਮੀਰ ਬਣਾ ਕੇ, ਆਪਣੇ ਸਿਰ 'ਤੇ 'ਤਾਜ਼' ਬਣਾ ਕੇ ਰੱਖਣ ਵਿਚ 'ਮਾਂ-ਬੋਲੀ' ਦੀ ਆਨ, ਬਾਨ ਅਤੇ ਸ਼ਾਨ ਬਣਦੀ ਹੈ। ਕਹਿਣ ਨੂੰ ਤਾਂ ਅਸੀਂ ਸਾਰੇ 'ਮਾਂ-ਬੋਲੀ' ਪੰਜਾਬੀ ਨੂੰ ਮਾਂਖਿਉ-ਮਿੱਠੀ ਜ਼ੁਬਾਨ ਕਹਿ ਕੇ ਸਵੀਕਾਰਦੇ ਅਤੇ ਸਤਿਕਾਰਦੇ ਹਾਂ ਪਰ ਅਸਲੀਅਤ ਇਸ ਦੇ ਉੱਲਟ ਹੈ। ਸਾਡੀ 'ਮਾਂ-ਬੋਲੀ' ਪੰਜਾਬੀ ਦੀ ਜੋ ਦਰਗਤ ਹੋ ਰਹੀ ਹੈ, ਉਸ ਸੰਦਰਭ ਵਿਚ ਸਾਡੇ ਅਮਲ ਕੁੱਝ ਹੋਰ ਹੀ ਕਹਿੰਦੇ ਹਨ। 'ਮਾਂ-ਬੋਲੀ' ਸਾਡੇ ਜੀਣ-ਥੀਣ ਦਾ ਸਬੱਬ ਹੁੰਦੀ ਹੈ। ਬੋਲੀ ਜਾਂ ਭਾਸ਼ਾ ਮਨੁੱਖ ਦੀ ਐਸੀ ਅਦੁੱਤੀ-ਕਾਢ ਹੈ, ਜਿਸ ਰਾਹੀਂ ਮਨੁੱਖੀ-ਸਿਰਜਨਾ ਅਤੇ ਤਰੱਕੀ ਦੇ ਰਾਹ ਖੁੱਲ੍ਹਦੇ ਹਨ। ਇਹ ਅਟੱਲ ਸਚਾਈ ਹੈ ਕਿ ਮਨੁੱਖੀ-ਵਿਕਾਸ ਕਦੇ 'ਮਾਂ-ਬੋਲੀ' ਨਾਲੋ ਟੁੱਟਕੇ ਨਹੀਂ ਹੋ ਸਕਦਾ। ਮਨੁੱਖੀ-ਸੱਭਿਆਚਾਰ, ਵਿਰਸਾ, ਇਤਿਹਾਸ, ਕਲਾ, ਸਾਹਿਤ, ਗੀਤ-ਸੰਗੀਤ, ਨਾਚ ਹਮੇਸ਼ਾ 'ਭਾਸ਼ਾਵਾਂ' ਰਾਹੀਂ ਪ੍ਰਫੁੱਲਤ ਹੁੰਦੇ ਹਨ ਜਦਕਿ 'ਮਾਂ-ਬੋਲੀ' ਇਨ੍ਹਾਂ ਨੂੰ ਸਾਂਭ-ਸੰਭਾਲ ਕੇ, ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤਕ ਸੌਂਪਣ ਦਾ ਕਾਰਜ ਕਰਦੀ ਹੈ। ਪਰ ਅਫਸੋਸ ਕਿ ਸਾਡੀ 'ਮਾਂ-ਬੋਲੀ' ਪੰਜਾਬੀ ਦੀ ਸਾਂਭ-ਸੰਭਾਲ ਅਤੇ ਵਿਕਾਸ ਦੀ ਗੱਲ ਕਰਨ ਦੀ ਬਜਾਏ, ਇਸ ਨਾਲ ਸਮੇਂ ਦੀਆਂ ਸਰਕਾਰਾਂ ਅਤੇ ਅਫਸਰਸ਼ਾਹੀ ਵਲੋਂ ਹਮੇਸ਼ਾਂ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਰਾਜ ਕਰਨ ਵਾਲੀਆਂ ਹੁਕਮਰਾਨ ਰਾਜਸੀ ਪਾਰਟੀਆਂ ਨੇ ਸਾਡੀ 'ਮਾਂ-ਬੋਲੀ' ਪੰਜਾਬੀ ਨਾਲ ਕਦੇ ਵਫ਼ਾ ਨਹੀ ਕੀਤੀ ਬਲਕਿ ਪੰਜਾਬ ਰਾਜ-ਭਾਸ਼ਾ ਐਕਟ ਨੂੰ ਅਣਗੌਲਿਆਂ ਕਰਕੇ ਸਰਾ-ਸਰ ਧੋਖਾ ਹੀ ਕੀਤਾ ਹੈ। ਦਿਨ-ਬ-ਦਿਨ ਇਹ ਇਕ ਐਸੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਜੋ 'ਮਾਂ-ਬੋਲੀ' ਪੰਜਾਬੀ ਪ੍ਰਤੀ ਦਰਦ ਰੱਖਣ ਵਾਲੇ ਪੰਜਾਬੀ-ਹਿਤੈਸ਼ੀਆਂ ਨੂੰ ਅੰਦਰੋ-ਅੰਦਰੀ ਘੁਣ ਵਾਂਗ ਖਾ ਰਿਹਾ ਹੈ। 'ਮਾਂ-ਬੋਲੀ' ਪੰਜਾਬੀ ਇਕ ਸਮਰੱਥ ਭਾਸ਼ਾ ਹੈ ਅਤੇ ਇਸ ਦਾ ਸੱਭਿਆਚਾਰ ਬੜਾ ਅਮੀਰ ਹੈ। ਪਰ ਦੁਖਾਂਤ ਇਹ ਕਿ ਇਸ ਦੀ ਅਮੀਰੀ ਦਾ 'ਤਾਜ਼' ਪਹਿਨਣ ਵਾਲੇ, ਇਸ ਦੇ ਢਿੱਡੋ-ਜਾਏ, ਇਸ ਦੇ ਆਪਣੇ 'ਪੰਜਾਬੀ ਪੁੱਤ' ਹੀ ਆਪਣੀ 'ਮਾਂ-ਬੋਲੀ' ਨੂੰ ਉਜੱਡ ਅਤੇ ਗੰਵਾਰਾ ਦੀ ਬੋਲੀ ਅਖਵਾਉਣ ਦਾ ਫ਼ਤਵਾ ਕਬੂਲ ਰਹੇ ਹਨ। ਜ਼ਰਾ ਸੋਚੋ, ਇੰਝ ਕਰਕੇ ਕੀ ਅਸੀਂ ਆਪਣੀ 'ਮਾਂ-ਬੋਲੀ' ਦੀ ਪਿੱਠ ਵਿਚ ਛੁਰਾ ਨਹੀਂ ਮਾਰ ਰਹੇ? ਕਿਸੇ ਸਭਾ-ਸੁਸਾਇਟੀ ਵਿਚ ਵਾਰਤਾਲਾਪ ਸਮੇਂ ਆਪਣੀ 'ਮਾਂ-ਬੋਲੀ' 'ਚ ਗੱਲਾਂ ਕਰਨਾ, ਅਸੀਂ ਕਿਉਂ ਹੀਣਤਾ ਸਮਝਦੇ ਹਾਂ? ਅਸੀਂ ਅੰਗਰੇਜ਼ੀ ਜਾਂ ਹਿੰਦੀ-ਭਾਸ਼ਾ 'ਚ ਗੱਲਬਾਤ ਕਰਨ ਵਿਚ ਆਪਣੀ ਸ਼ਾਨ ਕਿਉਂ ਸਮਝਣ ਲੱਗ ਪਏ ਹਾਂ? ਆਪਣੇ ਬੱਚਿਆਂ ਨੂੰ ਇੰਗਲਿਸ਼ ਸਕੂਲਾਂ 'ਚ ਪੜ੍ਹਾਉਣ ਦੀ ਗੱਲ ਸਵੀਕਾਰ ਕਰਕੇ ਅਸੀਂ ਕਿਹੜੇ 'ਵਡੱਪਣ' ਦਾ ਦਿਖਾਵਾ ਕਰ ਰਹੇ ਹਾਂ?

ਕਿਉਂ ਮਾਪੇ ਅਤੇ ਅਧਿਆਪਕ ਮਾਡਲ ਰੋਲ ਨਹੀਂ ਅਦਾ ਕਰ ਰਹੇ? ਪੰਜਾਬੀ-ਭਾਸ਼ਾ ਦਾ ਇਕ ਵੀ ਸ਼ਬਦ ਬੋਲਣਾ, ਅਸੀਂ ਕਿਉਂ ਗੁਨਾਹ ਅਤੇ ਤੌਹੀਨ ਸਮਝਣ ਲੱਗ ਪਏ ਹਾਂ? ਅੰਗਰੇਜ਼ੀ ਅਤੇ ਹਿੰਦੀ ਦੀ ਗੁਲਾਮੀ ਕਰਨਾ, ਸਾਨੂੰ ਪੰਜਾਬੀਆਂ ਨੂੰ ਕਿਉਂ ਪਸੰਦ ਹੈ? ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਵੱਧ ਤੋਂ ਵੱਧ ਬੋਲੀਆਂ ਸਿੱਖਣਾ ਵਧੀਆ ਗੱਲ ਹੈ ਪਰ ਆਪਣੀ 'ਮਾਂ-ਬੋਲੀ' ਤੋਂ ਮੁੱਖ ਮੋੜ ਲੈਣਾ, ਇਹ ਕਿੱਥੋ ਦੀ ਸਿਆਣਪ ਹੈ? ਤੇ ਫਿਰ ਇਸ ਨੂੰ ਸਿਰਫ਼ ਮੂਰਖ਼ਾਂ ਦੀ ਨਿਸ਼ਾਨੀ ਤੋਂ ਛੁੱਟ ਹੋਰ ਕੀ ਕਿਹਾ ਜਾ ਸਕਦਾ ਹੈ? ਦੁੱਖ ਉਦੋਂ ਹੋਰ ਵਧ ਜਾਂਦਾ ਹੈ ਜਦੋਂ ਅਸੀਂ ਅਗਲੀ-ਪੀੜ੍ਹੀ ਨੂੰ 'ਮਾਂ-ਬੋਲੀ' ਪੰਜਾਬੀ ਨਾਲੋਂ ਵੱਖ ਹੁੰਦਿਆਂ ਦੇਖ ਕੇ ਖ਼ੁਸ਼ ਹੁੰਦੇ ਹਾਂ। ਸੰਸਾਰੀਕਰਨ, ਉਦਾਰੀਕਰਨ ਅਤੇ ਵਪਾਰੀਕਰਨ ਨਾਲ 'ਮਾਂ-ਬੋਲੀ' ਪੰਜਾਬੀ, ਸੱਭਿਆਚਾਰ ਅਤੇ ਸਾਡੇ ਅਮੀਰ ਵਿਰਸੇ ਦੇ ਮੂੰਹ- ਮੁਹਾਂਦਰੇ ਵਿਚ ਐਨੀ ਗਿਰਾਵਟ ਆਈ ਹੈ ਕਿ ਭਵਿੱਖ ਵਿਚ 'ਨਵੀਂ-ਪੀੜ੍ਹੀ' ਦਾ ਵਾਪਸ ਪਰਤਣਾ ਅਸੰਭਵ ਪ੍ਰਤੀਤ ਹੁੰਦਾ ਹੈ।

ਐਸਾ ਲੱਗਦਾ ਹੈ ਕਿ 'ਮਾਂ-ਬੋਲੀ' ਵਿਚਲੀ ਮਿਠਾਸ ਹੁਣ ਕੁੜੱਤਣ ਨੇ ਲੈ ਲਈ ਹੈ। ਸਾਡੀ ਨੌਜਵਾਨ-ਪੀੜ੍ਹੀ ਅੱਜ ਪੰਜਾਬੀ-ਵਿਹੂਣੇ ਹੋ ਕੇ ਮਾਣ ਮਹਿਸੂਸ ਕਰਨ ਲੱਗ ਪਈ ਹੈ। ਵਿਗਿਆਨਕ ਤਕਨਾਲੋਜੀ ਵਾਲਾ ਮੀਡੀਆ ਗ਼ੈਰ-ਪੰਜਾਬੀ ਪ੍ਰੋਗਰਾਮ ਪਰੋਸ ਕੇ ਨੌਜਵਾਨਾਂ ਦੀ ਝੋਲੀ ਵਿਚ ਪਾ ਰਿਹਾ ਹੈ। 'ਮਾਂ-ਬੋਲੀ' ਪੰਜਾਬੀ ਦੀ ਗੱਲ ਕਰਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਮੀਰ ਵਿਰਸਾ, ਸੱਭਿਆਚਾਰ, ਰਸਮਾਂ-ਰਿਵਾਜ਼ ਜਿਵੇਂ ਕਿ ਨੈਤਿਕ ਕਦਰਾਂ-ਕੀਮਤਾਂ, ਰੱਜ ਕੇ ਕਿਰਤ ਕਰਨੀ, ਸੇਵਾ-ਭਾਵਨਾ, ਆਪਸੀ ਭਰਾਤਰੀ-ਭਾਵ, ਬਜ਼ੁਰਗਾਂ ਦਾ ਸਤਿਕਾਰ, ਹਮਦਰਦੀ, ਮਿਲਣਸਾਰਤਾ, ਦੇਸ਼- ਭਗਤੀ ਦੀ ਭਾਵਨਾ, ਸਿੱਖਿਆ-ਦਾਇਕ ਗ਼ੀਤ, ਲੋਕ-ਗਾਥਾਵਾਂ ਆਦਿ ਪੱਤਣ ਵਲ ਜਾ ਰਹੀਆਂ ਹਨ। ਵੱਡਿਆਂ ਦਾ ਸਤਿਕਾਰ ਕਰਨਾ ਤਾਂ ਹੁਣ ਕੁੱਝ ਕੁ ਪਰਿਵਾਰਾਂ ਤਕ ਹੀ ਸਿਮਟ ਕੇ ਰਹਿ ਗਿਆ ਹੈ। ਇਮਾਨਦਾਰੀ ਦੀ ਜਗ੍ਹਾ ਹੁਣ ਭ੍ਰਿਸ਼ਟਾਚਾਰ ਨੇ ਖੋਹ ਲਈ ਹੈ। ਮਿਆਰੀ-ਗ਼ੀਤਾਂ ਦੀ ਥਾਂ ਲਚਰ-ਗ਼ੀਤਾਂ ਅਤੇ ਨੰਗੇਜ਼ ਨੇ ਮੱਲ ਲਈ ਹੈ। ਸਾਡੀਆਂ ਲੋਕ-ਗਾਥਾਵਾਂ ਤਾਂ ਮਾਨੋ ਖ਼ੰਭ ਲਾ ਕੇ ਉੱਡ ਗਈਆਂ ਹੋਣ। ਦੇਸ਼ ਦਾ ਭਵਿੱਖ ਅਖਵਾਉਣ ਵਾਲੇ ਸਾਡੇ ਨੌਜਵਾਨਾਂ ਦੀ ਜਵਾਨੀ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਡੁੱਬਕੀਆਂ ਮਾਰ ਰਹੀ ਹੈ।

ਦਰਅਸਲ, ਇਸ ਧਰਤੀ 'ਤੇ 'ਮਾਂ' ਦੀ ਰਚਨਾ ਕਰਕੇ, 'ਪ੍ਰਮਾਤਮਾਂ' ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਮੈਂ ਹਰ ਇਨਸਾਨ ਕੋਲ 'ਆਪ-ਖ਼ੁਦ' ਨਹੀਂ ਪਹੁੰਚ ਸਕਦਾ, ਇਸ ਲਈ ਮੈਂ 'ਮਾਵਾਂ' ਬਣਾਈਆਂ ਹਨ। ਪਰ ਹੁਣ ਜਦੋਂ ਅਸੀਂ ਆਪਣੀ 'ਮਾਂ-ਬੋਲੀ' ਨੂੰ ਪਿੱਠ ਦਿਖਾ ਰਹੇ ਹਾਂ ਤਾਂ ਫਿਰ ਕੀ ਅਸੀਂ ਆਪਣੀਆਂ ਜਨਮ-ਦਾਤੀਆਂ 'ਮਾਵਾਂ' ਨੂੰ ਪਿੱਠ ਨਹੀਂ ਦਿਖਾ ਰਹੇ ਹੋਵਾਂਗੇ? ਜੱਗ ਜਾਹਰ ਹੈ, ਜਦੋਂ ਬੱਚਾ ਫ਼ਿਸਲਦਾ ਹੈ ਤਾਂ 'ਮਾਂ' ਰੋਂਦੀ ਹੈ। ਪਰ ਜਦੋਂ ਕਿਧਰੇ 'ਮਾਂ' ਫ਼ਿਸਲਦੀ ਹੈ ਤਾਂ ਉਹੀ 'ਬੱਚਾ' ਖ਼ਿੜ-ਖ਼ਿੜ ਹੱਸਦਾ ਹੈ। ਤੇ ਹੁਣ ਸਾਨੂੰ ਆਪਣੀ 'ਮਾਂ-ਬੋਲੀ' ਪੰਜਾਬੀ ਦੀ ਤਰਸਯੋਗ ਹਾਲਤ ਦੇਖ ਕੇ ਇੰਝ ਮਹਿਸੂਸ ਹੋ ਰਿਹਾ ਹੈ ਕਿ ਅੱਜ ਸਾਡੀ 'ਮਾਂ' ਰੋ ਰਹੀ ਹੈ ਅਤੇ ਅਸੀਂ ਉਸ ਦੇ ਨਾਦਾਨ 'ਬੱਚੇ' ਉਸ ਵਲ ਦੇਖ ਕੇ ਖ਼ਿੜ-ਖ਼ਿੜ ਹੱਸ ਰਹੇ ਹਾਂ। ਪਤਾ ਨਹੀਂ ਅਸੀਂ ਕਿਉਂ ਭੁੱਲਦੇ ਜਾਂ ਰਹੇ ਹਾਂ, ਧੰਨ ਧੰਨ ਗੁਰੂ ਨਾਨਕ ਦੇਵ ਜੀ ਨੇ ਕੁੱਲ ਲੋਕਾਈ ਨੂੰ ਆਪਣਾ ਇਲਾਹੀ-ਪੈਗ਼ਾਮ 'ਪੰਜਾਬੀ-ਭਾਸ਼ਾ' ਵਿਚ ਦਿੱਤਾ ਹੈ। 'ਨਾਨਕਬਾਣੀ' ਜੋ ਗੁਰੂ ਨਾਨਕ ਪਾਤਸ਼ਾਹ ਦੀ ਪ੍ਰਚੱਲਤ ਰਚਨਾ ਹੈ, ਉਸ ਵਿਚ ਉਨ੍ਹਾਂ ਨੇ ਉੱਚ-ਸ੍ਰੇਣੀ ਦੀ ਭਾਸ਼ਾ ਨਹੀਂ ਵਰਤੀ ਸਗੋਂ ਆਮ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਸਾਧਾਰਨ ਅਤੇ ਸਰਲ ਭਾਸ਼ਾ ਦਾ ਇਸਤੇਮਾਲ ਕਰਕੇ 'ਮਾਂ-ਬੋਲੀ' ਪੰਜਾਬੀ ਨੂੰ ਅਨੂਠਾ ਮਾਣ ਬਖ਼ਸ਼ਿਆ ਹੈ। ਸੱਚੇਪਾਤਸ਼ਾਹ ਦਾ ਸਾਂਝੀਵਾਲਤਾ ਅਤੇ ਸਮਾਜਿਕ ਬਰਾਬਰਤਾ ਦਾ ਸੰਦੇਸ਼ ਹਿੰਦੋਸਤਾਨ ਦੇ ਉੱਤਰ-ਪੂਰਬ ਤੋਂ ਲੈ ਕੇ ਅਰਬ- ਦੇਸ਼ਾਂ ਤੱਕ ਗੂੰਜਦਾ ਅੱਜ ਵੀ ਸੁਣਾਈ ਦਿੰਦਾ ਹੈ। ਉਨ੍ਹਾਂ ਨੇ ਆਪਣੀ ਮਿੱਠੀ-ਮਿੱਠੀ ਬਾਣੀ ਵਿਚ ਬਾਕਾਇਦਾ ਲੋਕ-ਸੰਗੀਤ, ਲੋਕ-ਧਾਰਾ, ਸਮਾਜਿਕ ਅਤੇ ਘਰੋਗੀ-ਬਿੰਬ ਇਸਤੇਮਾਲ ਕਰਕੇ ਪੰਜਾਬੀ-ਬੋਲੀ ਦਾ ਮਾਣ ਹੀ ਨਹੀਂ ਵਧਾਇਆ ਸਗੋਂ ਪੰਜਾਬੀ-ਭਾਸ਼ਾ ਦੇ ਸ਼ਬਦ-ਕੋਸ਼ ਵਿਚ ਲਗਭਗ 50 ਹਜ਼ਾਰ ਤੋਂ ਵੀ ਵੱਧ ਨਵੇਂ ਸ਼ਬਦਾਂ ਦਾ ਅਥਾਹ ਵਾਧਾ ਵੀ ਕੀਤਾ ਹੈ। ਕੇਵਲ ਗੁਰੂ ਨਾਨਕ ਪਾਤਸ਼ਾਹ ਨੇ ਹੀ ਨਹੀਂ ਸਗੋਂ ਸਾਰੇ ਸਤਿਕਾਰਯੋਗ ਗੁਰੂ-ਸਾਹਿਬਾਨਾਂ, ਸੂਫ਼ੀ-ਸੰਤਾਂ, ਪੀਰਾਂ-ਫ਼ਕੀਰਾਂ ਅਤੇ ਭਗਤਾਂ ਨੇ 'ਪੰਜਾਬੀ-ਬੋਲੀ' ਦੇ ਮਾਧਿਅਮ, ਆਪਣੀ ਬਾਣੀ ਦੀ ਸਿਰਜਨਾ ਕਰਕੇ, "ਮਾਂ- ਬੋਲੀ" ਪੰਜਾਬੀ ਨੂੰ ਪਿਆਰਿਆ ਤੇ ਸਤਿਕਾਰਿਆ ਹੈ! ਸ਼ੇਖ਼ ਫਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਸੂਫ਼ੀ ਗਗਨ ਦੇ ਅਨੇਕਾਂ ਧਰੂ-ਤਾਰਿਆਂ ਨੇ 'ਪੰਜਾਬੀ-ਬੋਲੀ' ਵਿਚ 'ਇਸ਼ਕ-ਹਕੀਕੀ' ਦੀਆਂ ਡੂੰਘੀਆਂ-ਰਮਜਾਂ ਲੋਕਾਂ ਨਾਲ ਸਾਂਝੀਆਂ ਕੀਤੀਆਂ ਹਨ। ਦਮੋਦਰ ਅਤੇ ਪੀਲੂ ਵਰਗੇ ਕਿੱਸਾਕਾਰਾਂ ਨੇ 'ਮਾਂ-ਬੋਲੀ' ਪੰਜਾਬੀ ਵਰਗੀ ਸਮਰੱਥ ਭਾਸ਼ਾ ਰਾਹੀਂ ਆਪਣੀਆਂ 'ਕਾਵਿ-ਰਚਨਾਵਾਂ' ਦੀ ਰਚਨਾ ਕੀਤੀ ਹੈ, ਜਿਨਾਂ ਨੂੰ ਪੜ੍ਹਕੇ ਅੱਜ ਵੀ ਲੋਕ ਅੱਜ ਵੀ ਮਸਤੀ ਵਿਚ ਝੂਮ ਉੱਠਦੇ ਹਨ।

ਡਾ. ਪਰਗਟ ਸਿੰਘ 'ਬੱਗਾ'
(ਸਿੱਖ ਚਿੰਤਕ ਅਤੇ ਲੇਖਕ)
ਫੋਨ: 905 531 8901

ਪਰ ਅੱਜ ਸਾਡੀ ਤ੍ਰਾਸਦੀ ਇਹ ਹੈ ਕਿ 'ਮਾਂ-ਬੋਲੀ' ਪੰਜਾਬੀ ਦੀ ਪ੍ਰਫੁੱਲਤਾ ਲਈ ਵਚਨਬੱਧਤਾ ਪ੍ਰਗਟਾਉਣ ਵਾਲੇ ਅਖੌਤੀ 'ਠੇਕੇਦਾਰਾਂ' ਦੀ ਸੇਵਾ-ਭਾਵਨਾ ਪਿੱਛੇ ਬਹੁਤ ਵੱਡੀ ਲੁਕਵੀਂ ਲਾਲਸਾ ਦਿਖਾਈ ਦਿੰਦੀ ਹੈ। ਐਸਾ ਲੱਗਦਾ ਹੈ ਕਿ ਸਾਰੇ ਤਾਂ ਨਹੀਂ ਪਰ ਜ਼ਿਆਦਾਤਰ ਦੋਹਰੇ ਮਾਪ-ਦੰਡ ਦੇ ਧਾਰਨੀ ਹਨ, ਜਿਹੜੇ ਕਹਿੰਦੇ ਕੁੱਛ ਹਨ ਅਤੇ ਕਰਦੇ ਕੁੱਛ ਹਨ। ਜੇਕਰ ਗੱਲ ਕਰਨੀ ਹੋਵੇ ਪੰਜਾਬੀ-ਬੁੱਧੀਜੀਵੀਆਂ ਦੀ ਤਾਂ ਇਨਾਂ ਦਾ ਤਾਂ ਸਮਝੋ ਰੱਬ ਹੀ ਰਾਖ਼ਾ ਹੈ! ਆਪਣੀ 'ਮਾਂ-ਬੋਲੀ' ਦਾ ਸਹਾਰਾ ਲੈ ਕੇ ਲਿਖਣ ਵਾਲੇ ਰਬਿੰਦਰ ਨਾਥ ਟੈਗੋਰ ਅਤੇ ਸ਼ੈਕਸਪੀਅਰ ਵਰਗੇ ਵਿਦਵਾਨ ਲੇਖਕਾਂ ਬਾਰੇ ਸੋਚ ਕੇ, ਮੈਨੂੰ ਪੰਜਾਬੀ-ਵਿਦਵਾਨਾਂ ਦੇ ਚਿਹਰੇ ਧੁੰਦਲੇ ਦਿਖਾਈ ਦਿੰਦੇ ਹਨ। ਜਿਹੜੇ ਪੰਜਾਬੀ-ਭਾਸ਼ਾ ਦਾ ਲੜ ਫੜਨ ਲਈ, ਸਾਡੇ ਵਿਦਵਾਨ ਹੋਕਾ ਦੇ ਰਹੇ ਹਨ, ਉਹ ਕਿੰਨੇ ਕੁ 'ਮਾਂ- ਬੋਲੀ' ਪੰਜਾਬੀ ਦੇ ਹਿਤੈਸ਼ੀ ਹਨ? ਕੀ 'ਮਾਂ-ਬੋਲੀ' ਨੂੰ ਬਚਾਉਣ ਦੀ ਦੁਹਾਈ ਦੇਣ ਵਾਲੇ ਬੁੱਧੀਜੀਵੀਆਂ ਨੂੰ ਇਹ ਗੱਲ ਨਜ਼ਰ ਨਹੀਂ ਆਉਂਦੀ ਕਿ ਪੰਜਾਬ ਦੇ ਮਾਡਲ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ 'ਪੰਜਾਬੀ' ਦੀ ਥਾਂ ਤੇ 'ਅੰਗਰੇਜ਼ੀ' ਵਿਚ ਪ੍ਰਚੱਲਤ ਹੈ। ਮੰਨਿਆ ਕਿ ਬੁੱਧੀਜੀਵੀ ਧਿਰਾਂ ਖ਼ਾਮੋਸ਼ ਹਨ ਪਰ ਸਾਨੂੰ ਸਮੁੱਚੇ ਪੰਜਾਬੀਆਂ ਨੂੰ ਤਾਂ ਇਕ-ਜੁੱਟ ਹੋ ਕੇ, 'ਮਾਂ-ਬੋਲੀ' ਦੇ ਹੱਕ ਵਿਚ ਡਟ ਕੇ ਖੜ੍ਹੇ ਹੋਣਾ ਚਾਹੀਦਾ ਹੈ ਤਾਂ ਜੋ ਸਾਡੀ 'ਮਾਂ-ਬੋਲੀ' ਪੰਜਾਬੀ ਦੀਆਂ ਇਤਿਹਾਸਕ ਪਰੰਪਰਾਵਾਂ ਨੂੰ ਉਵੇਂ ਹੀ ਕਾਇਮ ਰੱਖਿਆ ਜਾ ਸਕੇ ਜਿਵੇਂ ਇਹ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ।

ਅੱਜ, ਸਮੇਂ ਦੀ ਲੋੜ ਹੈ ਸਕੂਲਾਂ-ਕਾਲਜਾਂ ਦੇ ਸਿਲੇਬਸਾਂ ਵਿਚ 'ਦੇਸ਼-ਭਗਤੀ' ਅਤੇ 'ਵਾਤਾਵਰਣ' ਸਿੱਖਿਆਵਾਂ ਵਾਂਗ ਪੰਜਾਬੀ-ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਵਿਸ਼ਾ ਵੀ ਇਕ ਲਾਜ਼ਮੀ ਵਿਸ਼ਾ ਹੋਵੇ। ਮਾਪੇ, ਅਧਿਆਪਕ, ਸਵੈ-ਸੇਵੀ ਜਥੇਬੰਦੀਆਂ, ਧਾਰਮਿਕ- ਸੰਗਠਨ ਅਤੇ ਸਮੇਂ ਦੀਆਂ ਸਰਕਾਰਾਂ 'ਮਾਂ-ਬੋਲੀ' ਪੰਜਾਬੀ ਦੀ ਸਾਂਭ-ਸੰਭਾਲ ਲਈ ਮਾਡਲ ਰੋਲ ਅਦਾ ਕਰਨ ਤਾਂ ਜੋ 'ਮਾਂ-ਬੋਲੀ' ਨੂੰ ਮਿਲੇ ਵਿਧਾਨਕ-ਅਧਿਕਾਰਾਂ ਦੇ ਮੱਦੇਨਜ਼ਰ, ਉਸ ਦੇ ਪ੍ਰਚਾਰ ਅਤੇ ਵਿਸਥਾਰ ਲਈ ਭਰਪੂਰ ਯਤਨ ਕੀਤੇ ਜਾ ਸਕਣ।

ਕਨੇਡਾ ਦਾ ਸੰਦਰ ਅਤੇ ਸ਼ਾਂਤ ਸ਼ਹਿਰ ਸੇਂਟ ਐਂਥਨੀ

ਤਕਰੀਬਨ ਦੋ ਵਰੇ ਓਨਟਾਰੀਓ ਤੋਂ ਆਪਣੀ ਅਕਾਦਮਿਕ ਸਿਖਲਾਈ ਮੁਕੰਮਲ ਕਰਨ ਉਪਰੰਤ ਮੈਂ ਆਪਣਾ ਅਗਲਾ ਟਿਕਾਣਾ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਨਾਮਕ ਕੈਨੇਡੀਅਨ ਸੂਬੇ ਦੇ ਛੋਟੇ ਜਿਹੇ ਕਸਬੇ ਸੇਂਟ ਐਂਥਨੀ ਨੂੰ ਜਾ ਬਣਾਇਆ ਜੋ ਇਸ ਮਹਾਨ ਪ੍ਰਾਇਦੀਪ ਦੇ ਉੱਤਰੀ ਹਿੱਸੇ ਵਿੱਚ ਸਥਿਤ ਹੈ। ਅਟਲਾਂਟਿਕ ਮਹਾਂਸਾਗਰ ਨਾਲ ਘਿਰਿਆ ਹੋਇਆ ਇਹ ਇੱਕ ਬਹੁਤ ਹੀ ਸੁੰਦਰ ਅਤੇ ਸ਼ਾਂਤ ਸਥਾਨ ਹੈ

ਜੇ ਕੋਈ ਵਿਅਕਤੀ ਕੁਦਰਤ ਪ੍ਰੇਮੀ ਹੈ, ਤਾਂ ਇਹ ਉਸ ਲਈ ਸਭ ਤੋਂ ਵਧੀਆ ਜਗ੍ਹਾ ਸਾਬਤ ਹੋ ਸਕਦੀ ਹੈ। ਇੱਥੇ ਬਹੁਤ ਸਾਰੀਆਂ ਮਨੋਰੰਜਕ ਗਤੀਵਿਧੀਆਂ ਹਨ ਜੋ ਤੁਸੀਂ ਕਰ ਸਕਦੇ ਹੋ। ਜਿਵੇਂ ਕਿ ਹਾਈਕਿੰਗ, ਆਈਸ ਹਾਕੀ ਸਕੇਟਿੰਗ, ਵ੍ਹੇਲ ਦੇਖਣਾ, ਆਈਸਬਰਗ ਸੈਰ-ਸਪਾਟਾ, ਬੋਟਿੰਗ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ। ਪ੍ਰੰਤੂ ਜੇ ਸੁਖ ਸਹੂਲਤਾ ਦੇ ਨਜ਼ਰੀਏ ਤੋਂ ਵਾਚਿਆ ਜਾਵੇ ਤਾਂ ਇਕ ਵੱਡੇ ਸ਼ਹਿਰ ਟੋਰਾਂਟੋ ਵਿਚੋਂ ਸਭ ਤੋਂ ਛੋਟੇ ਸ਼ਹਿਰ ਵਿੱਚ ਜਾਣਾ ਇੱਕ ਬਹੁਤ ਹੀ ਵੱਡੀ ਤਬਦੀਲੀ ਹੈ। ਹਰ ਜਗ੍ਹਾ ਦੇ ਆਪਣੇ ਫਾਇਦੇ ਤੇ ਨੁਕਸਾਨ ਹੁੰਦੇ ਹਨ,ਜੋ ਇਸ ਸਥਾਨ ਦੇ ਵੀ ਹਨ। ਕੁਝ ਦਿੱਕਤਾ ਦਾ ਸਾਹਮਣਾ ਇੱਥੇ ਕਰਨਾ ਪੈਂਦਾ ਹੈ ਜਿਵੇਂ ਕਿ ਆਵਾਜਾਈ ਦੇ ਸਾਧਨ ਬੱਸਾਂ ਅਤੇ ਟੈਕਸੀਆਂ ਇੱਥੇ ਨਹੀਂ ਹਨ, ਮੌਸਮ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਸਖ਼ਤ ਹੈ ਕਿਉਂ ਜੋ ਇਹ ਸਮੁੰਦਰ ਦੇ ਬਹੁਤ ਨੇੜੇ ਹੈ, ਖਾਣ-ਪੀਣ ਦਾ ਸਮਾਨ ਬਹੁਤ ਮਹਿੰਗਾ ਹੈ ਅਤੇ ਭਾਰਤੀ ਭੋਜਨ ਜੋ ਕੈਨੇਡਾ ਦੇ ਵੱਡੇ ਸ਼ਹਿਰਾ ਵਿੱਚ ਉਪਲੱਬਧ

ਸਾਹਿਬ ਏ ਕਮਾਲ

ਧੰਨ ਗੁਰੂ ਗੋਬਿੰਦ ਸਿੰਘ ਜੀ

ਧੰਨ ਧੰਨ ਧੰਨ ਜਨ ਆਇਆ।
ਜਿਸ ਪ੍ਰਸ਼ਾਦਿ ਸਭੁ ਜਗਤ ਤਰਾਇਆ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਮਾਤਾ ਗੁਜਰ ਕੌਰ ਦੀ ਕੁੱਖੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਿਹੜੇ ਵਿੱਚ 22 ਦਿਸੰਬਰ 1666 ਨੂੰ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ। ਉਸ ਸਮੇ ਭਾਰਤ ਦੇ ਹਾਲਾਤ ਬਹੁਤੇ ਵਧੀਆ ਨਹੀ ਸਨ। ਭਾਰਤ ਵਿੱਚ ਔਰੰਗਜ਼ੇਬ ਦੀ ਤੂਤੀ ਬੋਲਦੀ ਸੀ,ਕਿਉ ਜੋ ਉਸਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਦੁੱਖ ਦੇ ਕੇ ਰਾਜ ਪ੍ਰਾਪਤ ਕੀਤਾ ਸੀ। ਜੋ ਆਪਣਿਆਂ ਨੂੰ ਦੁੱਖ ਦੇ ਸਕਦਾ,ਬਾਕੀ ਲੋਕਾਈ ਉਸਦੀ ਕੀ ਲੱਗਦੀ ਸੀ। ਇਧਰ ਗੁਰੂ ਤੇਗ ਬਹਾਦਰ ਸਾਹਿਬ ਜੀ ਜਨਮ ਸਮੇ ਬੰਗਾਲ ਆਸਾਮ ਵਿੱਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਸਨ। ਮਾਮਾ ਕ੍ਰਿਪਾਲ ਚੰਦ ਜੀ ਨੇ ਬੱਚੇ ਦਾ ਨਾਮ ਗੋਬਿੰਦ ਰਾਏ ਰੱਖਿਆ। ਗੋਬਿੰਦ ਰਾਏ ਜੀ ਨੇ ਬਚਪਨ ਵਿੱਚ ਬਹੁਤ ਸਾਰੇ ਕੌਤਿਕ ਰਚਾਏ। ਬੱਚਿਆ ਨਾਲ ਖੇਡਦੇ ਸਮੇ ਕਈ ਘਟਨਾਵਾਂ ਦਾ ਜਿਕਰ ਆਉਂਦਾ ਹੈ। ਗੁਲੇਲ ਚਲਾਉਣੀ,ਬੱਚਿਆ ਦੀਆ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਨਾ,ਰਾਜੇ ਮੈਨਨ ਦੀ ਰਾਣੀ ਦਾ ਮਿਲਾਪ ਆਦਿ। ਮੁਸਲਮਾਨ ਫਿਰਕੇ ਵਿੱਚ ਨਾਮੀ ਫਕੀਰ ਪੀਰ ਬੁੱਧੂ ਸ਼ਾਹ ਜੀ ਨੂੰ ਦਰਸ਼ਨ ਦੇਣ ਵੇਲੇ ਹਿੰਦੂ-ਮੁਸਲਿਮ ਦਾ ਸਾਂਝਾ ਉਪਦੇਸ਼ ਦਿੱਤਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਨੰਦਪੁਰ ਸਾਹਿਬ ਵਸਾਇਆ। ਹਰੇਕ ਕਿਸਮ ਦੇ ਕਿਰਤੀ ਵਰਗ ਦੀ ਵਸੋਂ ਕੀਤੀ। ਇਸ ਨਾਲ ਹੀ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਲਿਆਂਦਾ। ਬਾਲ ਗੋਬਿੰਦ ਰਾਏ ਨੂੰ ਗੁਰਮੁੱਖੀ, ਬ੍ਰਿਜ, ਸ਼ਸਤਰ ਵਿਦਿਆ ਆਦਿ ਦੀ ਤਾਲੀਮ ਹਾਸਿਲ ਕਰਵਾਈ। ਔਰੰਗਜ਼ੇਬ ਨਿਤਾਪ੍ਰਤੀ ਹਿੰਦੂਆਂ ਉਪਰ ਜੁਲਮ ਢਾਹ ਰਿਹਾ ਸੀ। ਔਰੰਗਜ਼ੇਬ ਦੇ ਸਤਾਏ ਹਿੰਦੂ ਆਪਣਾ ਧਰਮ ਬਚਾਉਣ ਲਈ ਹਰ ਹੀਲਾ ਵਸੀਲਾ ਵਰਤ ਰਹੇ ਸਨ ਪ੍ਰੰਤੂ ਮਸਲਾ ਹੱਲ ਨਾ ਹੋਇਆ। ਅਖੀਰ ਵਿੱਚ ਜੰਮੂ-ਕਸ਼ਮੀਰ ਦੇ ਪੰਡਿਤ ਇਕੱਠੇ ਹੋ ਕੇ ਕਿਰਪਾ ਰਾਮ ਦੀ ਅਗਵਾਈ ਵਿੱਚ ਆਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆਏ। ਆਪਣਾ ਦੁੱਖ ਦੱਸਿਆ। ਬਾਲ ਗੋਬਿੰਦ ਰਾਏ ਨੇ ਗੁਰੂ ਪਿਤਾ ਨੂੰ ਪੰਡਿਤਾਂ ਦੀ ਮੱਦਦ ਲਈ ਕਿਹਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੁਖੀ ਹਿਰਦੇਆ ਨੂੰ ਧਰਵਾਸ ਦੇ ਕੇ ਕਿਹਾ ਕਿ ਔਰੰਗਜ਼ੇਬ ਨੂੰ ਕਹੋ,ਸਾਡੇ ਪੀਰ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੋ ਅਸੀ ਆਪਣੇ-ਆਪ ਮੁਸਲਮਾਨ ਬਣ ਜਾਵਾਂਗੇ। ਔਰੰਗਜ਼ੇਬ ਇਹ ਗੱਲ ਸੁਣ ਕੇ ਸੋਚਾਂ ਦੇ ਸਮੁੰਦਰ ਵਿਚ ਡੁੱਬ ਗਿਆ। ਬਗਾਵਤ ਦੀ ਬੋਅ ਦਿਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਬੰਦੀ ਬਣਾਉਣ ਦਾ ਫੁਰਮਾਨ ਸੁਣਾਇਆ। ਗੁਰੂ ਤੇਗ ਬਹਾਦਰ ਜੀ ਸਿੱਖਾਂ ਨੂੰ ਨਾਲ ਲੈ ਕੇ ਰਸਤੇ ਵਿੱਚ ਪ੍ਰਚਾਰ ਕਰਦੇ ਹੋਏ ਆਗਰੇ ਜਾ ਕੇ ਗ੍ਰਿਫਤਾਰੀ ਦਿੱਤੀ। ਗੁਰੂ ਜੀ ਨੂੰ ਸਿੱਖਾਂ ਸਮੇਤ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨੂੰ ਲਾਲਚ, ਡਰਾਵੇ ਦਿੱਤੇ ਗਏ, ਗੁਰੂ ਜੀ ਟੱਸ ਤੋ ਮੱਸ ਨਾ ਹੋਏ। ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲ ਕੇ,ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਸਤੀ ਦਾਸ ਜੀ ਨੂੰ ਰੂੰਈਂ ਵਿੱਚ ਸਾੜ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਅਡੋਲ ਰਹੇ। ਅਖੀਰ ਨੂੰ ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਸਾਹਿਬ ਦੇ ਸ਼ੀਸ਼ ਨੂੰ ਧੜ ਨਾਲੋ ਵੱਖ ਕਰ ਕੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਦੇ ਸ਼ੀਸ਼ ਨੂੰ ਭਾਈ ਜੈਤਾ ਜੀ ਸਤਿਕਾਰ ਸਹਿਤ ਆਨੰਦਪੁਰ ਸਾਹਿਬ ਲੈ ਕੇ ਆਏ। ਗੁਰੂ ਸਾਹਿਬ ਦੀ ਧੜ ਦਾ ਸੰਸਕਾਰ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਪੂਰੇ ਘਰ ਨੂੰ ਅੱਗ ਲਗਾ ਕੇ ਕੀਤਾ। ਬਾਲ ਗੋਬਿੰਦ ਰਾਏ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ---

ਰੰਗਰੇਟਾ ਗੁਰੂ ਕਾ ਬੇਟਾ।

1675 ਵਿਚ ਬਾਲ ਗੋਬਿੰਦ ਰਾਏ ਨੂੰ ਗੁਰਗੱਦੀ ਦਾ ਮਾਲਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਣਾਇਆ ਸੀ। ਗੁਰੂ ਨਾਨਕ ਦੇ ਘਰ ਦੀ ਵਡਿਆਈ ਦਿਨ ਪ੍ਰਤੀ ਦਿਨ ਵੱਧਦੀ ਗਈ। ਦੂਰਅੰਦੇਸ਼ੀ ਸੋਚ ਸਦਕਾ 20 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਅਨੋਖੇ ਕਾਰਜ ਨੂੰ ਨੇਪਰੇ ਚਾੜ੍ਹਿਆ। ਦੱਬੇ ਕੁਚਲੇ ਸਮਾਜ ਵਿੱਚੋ (ਨੀਵੀਆਂ ਸਮਝੀਆ ਜਾਤਾਂ)ਪੰਜ ਪਿਆਰੇ ਲੈ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਆਪੇ ਗੁਰੂ ਅਤੇ ਆਪੇ ਚੇਲਾ ਦਾ ਸੰਕਲਪ ਦ੍ਰਿੜ ਕਰਵਾਇਆ। ਐਸਾ ਸਿੰਘ ਸਾਜਿਆ,ਜੋ ਲੱਖਾਂ ਦੀ ਗਿਣਤੀ ਵਿੱਚ ਵੱਖਰਾ ਹੀ ਜਾਪਦਾ ਹੈ। ਸਿੰਘ ਨੂੰ ਵੱਖਰੀ ਪਛਾਣ, ਵੱਖਰੀ ਸੋਚ, ਵੱਖਰਾ ਪਹਿਰਾਵਾ,ਵੱਖਰਾ ਗ੍ਰੰਥ ਦਿੱਤਾ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਸਿੰਘ ਨੂੰ ਆਪਣਾ ਕਿਰਦਾਰ ਉਚਾ ਅਤੇ ਸੁੱਚਾ ਰੱਖਣ ਦਾ ਸੰਦੇਸ਼ ਦਿੱਤਾ। ਗਊ ਗਰੀਬ ਦੀ ਰੱਖਿਆ ਕਰਨ ਲਈ ਪ੍ਰੇਰਿਆ। ਧਰਮ ਤੇ ਆਂਚ ਆਣ ਤੇ ਮਰ ਮਿਟਣ ਦੀ ਗੁੜਤੀ ਦਿੱਤੀ। ਸ਼ਸਤਰ ਵਿਦਿਆ ਵਿਚ ਨਿਪੁੰਨ ਹੋਣ ਦੀ ਜਾਂਚ ਸਿਖਾਈ।

ਮੁਗਲ ਰਾਜਿਆਂ ਅਤੇ ਪਹਾੜੀ ਰਾਜਿਆਂ ਨੂੰ ਖਾਲਸਾ ਪੰਥ ਸਜਾਉਣ ਤੇ ਬਹੁਤ ਹੀ ਦਰਦ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨਾਲ ਆਨੀ ਬਹਾਨੀ ਲੜਾਈ ਮੁਲ ਲੈਣ ਲੱਗੇ। ਗੁਰੂ ਗੋਬਿੰਦ ਸਿੰਘ ਨੇ ਕਾਫੀ ਲੜਾਈਆਂ ਲੜੀਆਂ,ਜੋ ਹਮੇਸ਼ਾ ਹੀ ਜਿੱਤ ਹਾਸਲ ਕਰਦੇ ਸਨ। ਪਹਾੜੀ ਅਤੇ ਮੁਗਲ ਰਾਜਿਆਂ ਨੇ ਕਸਮਾਂ ਖਾ ਕੇ ਆਨੰਦਪੁਰ ਸਾਹਿਬ ਦਾ ਕਿਲਾ ਖਾਲੀ ਕਰਵਾਇਆ। ਬਾਅਦ ਵਿਚ ਕਸਮਾਂ ਤੋੜ ਕੇ ਹਮਲੇ ਕੀਤੇ। ਜਿਵੇ ਕਿ ਸਰਸਾ ਨਦੀ, ਚਮਕੌਰ ਦੀ ਗੜੀ,ਖਿਦਰਾਣੇ ਦੀ ਢਾਬ ਆਦਿ।

ਸਵਾ ਲਾਖ ਸੇ ਏਕ ਲੜਾਈ,ਤਵੈ ਗੋਬਿੰਦ ਸਿੰਘ ਨਾਮ ਕਹਾਊ।

ਚਮਕੌਰ ਦੀ ਜੰਗ ਵਿੱਚ ਦਸ ਲੱਖ ਫੌਜ ਨਾਲ ਚਾਲੀ ਸਿੰਘਾਂ ਨੂੰ ਲੜਾ ਕੇ ਸਾਬਿਤ ਕਰ ਵਿਖਾਇਆ। ਦੋ ਵੱਡੇ ਸਪੁੱਤਰ ਅਤੇ ਸਿੰਘ ਇੱਥੇ ਸ਼ਹੀਦ ਹੋਏ। ਮਾਤਾ ਗੁਜਰ ਕੌਰ ਅਤੇ ਦੋ ਛੋਟੇ ਪੁੱਤਰ ਸਰਹਿੰਦ ਵਿਚ ਸ਼ਹੀਦ ਹੋਏ। ਇੰਨਾ ਕੁਝ ਵਾਪਰਨ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਡੋਲਿਆ ਨਹੀ,ਹਮੇਸ਼ਾ ਹੀ ਚੜਦੀ ਕਲਾ ਵਿੱਚ ਰਹਿਣ ਦਾ ਸੰਦੇਸ਼ ਦਿੱਤਾ। ਕਦੇ ਵੀ ਹਾਰ ਨਹੀ ਮੰਨੀ।

ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਕੁੱਝ ਸਮਾ ਗੁਜਰਾਨ ਕੀਤਾ। ਭਾਈ ਮਨੀ ਸਿੰਘ ਜੀ ਪਾਸੋ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਕਰਵਾਈ। ਔਰੰਗਜ਼ੇਬ ਨੂੰ ਜਫਰਨਾਮਾ ਲਿਖ ਕੇ ਭੇਜਿਆ। ਔਰੰਗਜ਼ੇਬ ਨੇ ਜਦੋ ਜਫਰਨਾਮਾ ਪੜਿਆ ਤਾਂ ਸੱਚ ਪੜਕੇ ਪ੍ਰਾਣ ਪੰਖੇਰੂ ਕਰ ਦਿਤੇ। ਇਥੋ ਹੀ ਨੰਦੇੜ ਨੂੰ ਚਾਲੇ ਪਾ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤ ਸਮਾਜ ਨੂੰ ਬਰਾਬਰਤਾ ਦੇਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਜਾਤ-ਪਾਤ ਦਾ ਖਾਤਮਾ ਕਰਨ ਲਈ ਯਤਨ ਆਰੰਭਿਆ। ਜਿਸ ਸਮਾਜ ਨੇ ਕੁਰਬਾਨੀਆਂ ਦੇ ਕੇ ਸਿੱਖੀ ਨੂੰ ਚੜਦੀ ਕਲਾ ਵਿੱਚ ਰੱਖਿਆ,ਉਸੇ ਸਮਾਜ ਨੂੰ ਸਿੱਖ ਧਰਮ ਤੋ ਦੂਰ ਰੱਖਣ ਦਾ ਕਿਤੇ ਕਿਤੇ ਯਤਨ ਕੀਤਾ ਗਿਆ ਜਾਪਦਾ ਹੈ। ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਭਾਰਤੀ ਸੰਵਿਧਾਨ ਦੀ ਰਚਨਾ ਕੀਤੀ ਸੀ। ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਸਿੱਖ ਧਰਮ ਅਪਣਾਉਣਾ ਚਾਹਿਆ ਸੀ,ਪਰ ਸਿੱਖ ਧਰਮ ਦੀ ਅਖੌਤੀ ਲੀਡਰਸ਼ਿਪ ਨੇ ਆਪਣੀ ਸਮਝ ਅਨੁਸਾਰ ਦੂਰ ਰੱਖਿਆ। ਕਿਤੇ ਕਿਤੇ ਸਮਾਜ ਵਿੱਚ ਮਾੜੀਆਂ ਘਟਨਾਵਾਂ ਵਾਪਰਨ ਦੀਆਂ ਕਨਸੋਆਂ ਪੈਂਦੀਆਂ ਹਨ। ਸਿੱਖ ਕੌਮ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆ ਹਨ। ਭਾਰਤੀ ਸੰਵਿਧਾਨ ਨੂੰ ਬਦਲਣ ਦੀ ਭਿਣਕ ਨਜ਼ਰ ਪੈਂਦੀ ਹੈ।

ਆਉ ਰਲ ਮਿਲ ਕੇ ਸਿੱਖ ਧਰਮ ਨੂੰ ਆਉਂਦੀਆ ਦਰਪੇਸ਼ ਮੁਸ਼ਕਿਲਾਂ ਦਾ ਟਾਕਰਾ ਕਰਨ ਦਾ ਯਤਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਵਿਚਾਰਧਾਰਕ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ। ਖਾਲਸਾਈ ਫਤਿਹ ਬੁਲੰਦ ਕਰੀਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ ਹੋਣ ਜੀ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।

ਹਰਜਿੰਦਰ ਸਿੰਘ ਖੰਨਾ
62805-89127

ਲੋਹੜੀ ਮੰਗਦੇ ਬੱਚਿਆਂ ਨੂੰ ਦੇਖ ਆਪਣੇ ਬਚਪਨ ਦੀ ਲੋਹੜੀ ਚੇਤੇ ਆਈ

ਬਲਬੀਰ ਸਿੰਘ ਬੱਬੀ

ਦੇਸੀ ਮਹੀਨਿਆਂ ਦੇ ਨਾਲ ਪ੍ਰਚੱਲਤ ਮਾਘ ਮਹੀਨੇ ਦੀ ਸ਼ੁਰੂਆਤ ਮਾਘੀ ਤੋਂ ਇਕ ਦਿਨ ਪਹਿਲਾਂ ਹਰ ਸਾਲ ਲੋਹੜੀ ਦਾ ਤਿਉਹਾਰ ਆਉਂਦਾ ਹੈ। ਇਸ ਵਿਰਾਸਤੀ ਤਿਉਹਾਰ ਨੂੰ ਸਾਰੇ ਹੀ ਪੁਰਾਤਨ ਸਮੇਂ ਤੋਂ ਮਨਾਉਂਦੇ ਆ ਰਹੇ ਹਾਂ। ਇਸ ਦਾ ਇਤਿਹਾਸਕ ਪੱਖ ਕੋਈ ਵੀ ਹੋਵੇ ਪਰ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਬੱਚੇ ਝੋਲੇ ਲੈ ਕੇ ਉਸ ਦਿਨ ਪਿੰਡਾਂ ਵਿੱਚ ਖਾਸ ਤੌਰ ਉੱਤੇ ਘਰੋ ਘਰੀ ਜਾ ਕੇ ਲੋਹੜੀ ਮੰਗਦੇ ਹਨ ਖੁਸ਼ੀ ਦੇ ਗੀਤ ਗਾਉਂਦੇ ਹਨ ਸੁਖ ਮਨਾਉਂਦੇ ਹਨ। ਬੱਚੇ ਜਿਸ ਘਰ ਵਿੱਚ ਵੀ ਲੋਹੜੀ ਮੰਗਣ ਜਾਂਦੇ ਹਨ ਉਹਨਾਂ ਨੂੰ ਖੈਰ ਵਜੋਂ ਕਣਕ ਪਾਈ ਜਾਂਦੀ ਹੈ ਨਾਲ ਹੀ ਮੂੰਗਫਲੀ ਗੁੜ ਰਿਓੜੀਆਂ ਵੰਡੀਆਂ ਜਾਂਦੀਆਂ ਹਨ। ਲੋਹੜੀ ਨੂੰ ਮਨਾਉਣ ਦੀ ਇਹ ਰੀਤ ਪੁਰਾਤਨ ਸਮੇਂ ਤੋ ਹੀ ਚਲਦੀ ਆ ਰਹੀ ਹੈ ਪਰ ਅਧੁਨਿਕਤਾ ਤੇ ਤਰੱਕੀ ਦੇ ਸਮੇਂ ਨੇ ਸਾਡੇ ਕਈ ਤਿਉਹਾਰਾਂ ਦੇ ਰੂਪ ਵੀ ਬਦਲ ਦਿੱਤੇ ਅਤੇ ਵਿਗਾੜ ਦਿੱਤੇ ਹਨ।

ਅੱਜ ਲੋਹੜੀ ਦੇ ਦਿਨ ਮੌਕੇ ਬੱਚੇ ਝੋਲੇ ਤੇ ਥੈਲੇ ਲੈ ਕੇ ਲੋਹੜੀ ਮੰਗਣ ਲਈ ਸਾਡੇ ਘਰ ਆਏ। ਮੇਰੇ ਮਾਤਾ ਜੀ ਨੇ ਬਾਲਟੀ ਵਿੱਚ ਰੱਖੇ ਹੋਏ ਦਾਣੇ ਤੇ ਨਾਲ ਹੀ ਰਿਉੜੀਆਂ ਉਨਾਂ ਨੂੰ ਦਿੱਤੀਆਂ ਤੇ ਲੋਹੜੀ ਦਾ ਗੀਤ ਸੁਣਾਉਣ ਲਈ ਕਿਹਾ ਇਨਾਂ ਛੋਟੇ ਬੱਚਿਆਂ ਨੂੰ ਲੋਹੜੀ ਦਾ ਕੋਈ ਗੀਤ ਨਹੀਂ ਸੀ ਆਉਂਦਾ ਕਿਉਂਕਿ ਇਹ ਬੱਚੇ ਪ੍ਰਵਾਸੀਆਂ ਦੇ ਸਨ ਇਹਨਾਂ ਦਾ ਕੰਮ ਸਿਰਫ ਦਾਣੇ ਮੰਗਣ ਤੱਕ ਹੀ ਸੀਮਤ ਜਾਪਿਆ ਉਸ ਤੋਂ ਬਾਅਦ ਚਾਰ ਲੜਕੇ ਤੇ ਚਾਰ ਪੰਜ ਲੜਕੀਆਂ ਦਾ ਇੱਕ ਹੋਰ ਟੋਲਾ ਲੋਹੜੀ ਲੈਣ ਲਈ ਆਉਂਦਾ ਹੈ ਤੇ ਉਹ ਦਰਵਾਜ਼ਾ ਵੜਨ ਸਾਰ ਹੀ ਗੀਤ ਗਾਉਂਦੇ ਹਨ ਲੋਹੜੀ ਵੀ ਲੋੜੀ ਜੀਵੇ ਥੋਡੀ ਜੋੜੀ... ਥੋਡੇ ਕੋਠੇ ਉੱਤੇ ਲੱਡੂ ਮੈਂ ਵੀ ਲੋਹੜੀ ਲੈ ਕੇ ਛੱਡੂ...ਹੋਰ ਤੁਕਬੰਦੀ ਕਰਦੇ ਉਹ ਗੀਤ ਗਾਉਂਦੇ ਅੜੂਕ ਵੀ ਰਹੇ ਸਨ। ਇਹ ਸਭ ਕੁਝ ਦੇਖ ਕੇ ਮੈਨੂੰ ਵੀ ਆਪਣੇ ਬਚਪਨ ਦੀ ਲੋਹੜੀ ਚੇਤੇ ਆ ਗਈ ਮੈਨੂੰ ਨਹੀ ਵੈਸੇ ਤਾਂ ਸਭ ਨੂੰ ਹੀ ਲੋਹੜੀ ਦਾ ਦਿਨ ਬੱਚਿਆਂ ਨੂੰ ਦੇਖ ਕੇ ਵਿਸ਼ੇਸ਼ ਤੌਰ ਉੱਤੇ ਚੇਤੇ ਆਉਂਦਾ ਹੈ ਕਿਉਂਕਿ ਤਕਰੀਬਨ ਸਭ ਨੇ ਹੀ ਆਪਣੇ ਬਚਪਨ ਵਿੱਚ ਲੋਹੜੀ ਜਰੂਰ ਮੰਗੀ ਹੋਈ ਹੈ। ਬੇਸ਼ੱਕ ਅੱਜ ਸਾਡੇ ਬੱਚੇ ਲੋਹੜੀ ਮੰਗਣ ਬਹੁਤ ਘੱਟ ਜਾਂਦੇ ਹਨ ਪਰ ਮੈਂ ਤੇ ਮੇਰੇ ਚਾਰ ਪੰਜ ਕੁ ਸਾਥੀਆਂ ਪੰਜਵੀ ਜਮਾਤ ਵਿੱਚ ਪੜ੍ਹਦੇਆਂ ਨੇ ਹੀ ਲੋਹੜੀ ਮੰਗਣ ਲਈ ਪਿੰਡ ਵਿੱਚ ਜਾਣਾ ਸ਼ੁਰੂ ਕੀਤਾ ਸੀ। ਉਸ ਵੇਲੇ ਪਿੰਡ ਦੇ ਮਿਡਲ ਸਕੂਲ ਦੇ ਵਿੱਚ ਜਿੰਨੇ ਬੱਚੇ ਪੜ੍ਹਦੇ ਸਨ ਤਕਰੀਬਨ ਤਕਰੀਬਨ ਸਾਰੇ ਹੀ ਲੋਹੜੀ ਮੰਗਣ ਜਾਂਦੇ। ਸਾਡਾ ਛੇ ਸੱਤ ਜਣਿਆਂ ਦਾ ਗਰੁੱਪ ਸੀ ਅਸੀਂ ਬਹੁਤ ਲੋਹੜੀ ਮੰਗੀ। ਪਿੰਡ ਵਿਚਲੀਆਂ ਬੀਹੀਆਂ ਸਾਰੇ ਪਿੰਡ ਤੋ ਇਲਾਵਾ ਸਾਡੇ ਪਿੰਡ ਤੋ ਬਾਹਰ ਤਿੰਨ ਚਾਰ ਚੰਗੇ ਜਿਮੀਦਾਰਾਂ ਲਾਣੇ ਦੇ ਘਰ ਸਨ ਜਿਨਾਂ ਨੂੰ ਕੋਠੀ ਵਾਲੇ ਕਿਹਾ ਜਾਂਦਾ ਸੀ। ਅਸੀਂ ਸਾਰੀਆਂ ਨੇ ਉਸ ਖੇਤਾਂ ਵਿੱਚੋ ਜਾ ਕੋਠੀ ਵਾਲਿਆਂ ਦੇ ਘਰ ਲੋਹੜੀ ਮੰਗਣ ਚਾਅ ਨਾਲ ਜਾਣਾ ਕਿਉਂਕਿ ਕੋਠੀ ਵਾਲਿਆਂ ਦੀ ਬੇਬੇ ਦਾਣੇ ਭਰ ਭਰ ਕੇ ਪਾਉਂਦੀ ਸੀ।

ਇੱਕ ਵਾਰ ਸਾਨੂੰ ਲੋਹੜੀ ਮੰਗਣ ਦਰਮਿਆਨ ਹੀ ਇੱਕ ਘਰ ਦੇ ਵਿੱਚੋ ਦੋ ਰੁਪਏ ਦਾ ਗੁਲਾਬੀ ਨੋਟ ਦਿੱਤਾ ਤੇ ਨਾਲ ਹੀ ਕਿਹਾ ਕਿ ਤੁਸੀਂ ਚਾਰਾਂ ਨੇ ਅਠਿਆਨੀ ਅਠਿਆਨੀ ਭਾਵ 50-50 ਪੈਸੇ ਵੰਡਣੇ। ਅਸੀਂ ਦੋ ਰੁਪਏ ਫੜ ਕੇ ਪੂਰੇ ਖੁਸ਼ ਸਿੱਧੇ ਹੀ ਸਾਡੇ ਪਿੰਡ ਵਾਲੇ ਬਾਹਮਣਾਂ ਦੀ ਦੁਕਾਨ ਉੱਤੇ ਜਾ ਕੇ ਦੋ ਰੁਪਏ ਦਾ ਨੋਟ ਤੁੜਵਾਇਆ 50 ਪੈਸੇ ਅਠਿਆਨੀ ਲੈ ਕੇ ਬਹੁਤ ਖੁਸ਼ ਹੋਏ। ਇਸ ਤੋ ਬਿਨਾਂ ਜਦੋ ਪਿੰਡ ਵਿੱਚ ਲੋਹੜੀ ਮੰਗਣ ਲਈ ਗਏ ਤਾਂ ਇੱਕ ਦੋ ਕੁੱਤਿਆਂ ਨਾਲ ਵੀ ਵਾਹ ਵਾਸਤਾ ਪਿਆ ਅਸੀਂ ਮੁੜ ਕੇ ਕਦੇ ਉਹਨਾਂ ਘਰਾਂ ਵੱਲ ਨਹੀਂ ਗਏ ਜਿਨਾਂ ਦੇ ਇਹ ਖਤਰਨਾਕ ਕੁੱਤੇ ਰੱਖੇ ਹੋਏ ਸਨ। ਇਹ ਸੀ ਉਹ ਯਾਦ ਜਦੋ ਅੱਜ ਬੱਚੇ ਲੋਹੜੀ ਮੰਗਣ ਲਈ ਆਏ ਤੇ ਆਪਣੀ ਬਚਪਨ ਦੀ ਮੰਗੀ ਹੋਈ ਲੋਹੜੀ ਦੀ ਰੀਲ ਚੜ ਗਈ। ਇਹ ਸੋਚ ਸਮਝ ਕੇ ਪਾਠਕਾਂ ਨਾਲ ਸਾਂਝੀ ਕਰ ਲਈ ਕਿਉਂਕਿ ਜੋ ਵੀ ਇਸ ਨੂੰ ਪੜ੍ਹੇਗਾ ਉਹ ਆਪਣੇ ਬਚਪਨ ਦੀ ਲੋਹੜੀ ਦੇ ਦਿਨ ਜਰੂਰ ਯਾਦ ਕਰੇਗਾ। ਅੱਜ ਕੱਲ ਬਹੁਤ ਘੱਟ ਬੱਚੇ ਲੋਹੜੀ ਮੰਗਣ ਜਾਂਦੇ ਹਨ ਲੋਹੜੀ ਮੰਗਣ ਤਾਂ ਬੱਚੇ ਤੇ ਔਰਤਾਂ ਆਉਂਦੀਆਂ ਹਨ ਪਰ ਉਹ ਸ਼ਹਿਰ ਦੇ ਵਿੱਚੋ ਪ੍ਰਵਾਸੀ ਮਜ਼ਦੂਰਾਂ ਦੇ ਜਾਂ ਹੋਰ ਗਰੀਬ ਲੋਕ ਆਉਂਦੇ ਹਨ।

7009107300

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Email: katariatravels@gmail.com
Web